ਜੀਵੇ ਸਾਂਝਾ ਪੰਜਾਬ

# ਪਾਕਿਸਤਾਨ ਵਿੱਚ ਸਿੱਖ ਇਤਿਹਾਸਕ ਅਸਥਾਨ

## ਜ਼ਿਲ੍ਹਾ ਲਾਹੌਰ

ਲੇਖਕ:
ਡਾ. ਤਰੁਨਜੀਤ ਸਿੰਘ ਬੁਤਾਲੀਆ

ਅਨੁਵਾਦਕ:
ਪੂਰਵਾ ਮਸੂਦ

# ਪਾਕਿਸਤਾਨ ਵਿਚ ਸਿੱਖ ਇਤਿਹਾਸ ਅਸਥਾਨ
# ਜ਼ਿਲ੍ਹਾ ਲਾਹੌਰ

ਲੇਖਕ: ਡਾ. ਤਰੁਨਜੀਤ ਸਿੰਘ ਬੁਤਾਲੀਆ

ਮੋਬਾਈਲ: +1 (614) 753-3292

ਈਮੇਲ: tsbutalia@gmail.com

ਪ੍ਰਕਾਸ਼ਕ: ਜੀਵੇ ਸਾਂਝਾ ਪੰਜਾਬ

ਵੈਬਸਾਈਟ: www.JeevaySanjhaPunjab.com

ਈਮੇਲ: info@JeevaySanjhaPunjab.com

ਮੋਬਾਈਲ: +1 (220) 465-4593

ਅਨੁਵਾਦਕ: ਪੁਰਵਾ ਮਸੂਦ

**ਪਹਿਲੀ ਛਾਪ: ਅੰਗਰੇਜ਼ੀ, ਅਪ੍ਰੈਲ 2025**

**ਦੂਜੀ ਛਾਪ: ਪੰਜਾਬੀ, ਜੁਲਾਈ 2026**

---

© ਜੀਵੇ ਸਾਂਝਾ ਪੰਜਾਬ ਵੱਲੋਂ ਸਾਰੇ ਹੱਕ ਰਾਖਵੇਂ ਹਨ। ਜੀਵੇ ਸਾਂਝਾ ਪੰਜਾਬ ਦੀ ਪਹਿਲਾਂ ਲਿਖਤੀ ਇਜਾਜ਼ਤ ਤੋਂ ਬਿਨਾਂ ਇਸ ਕਿਤਾਬਚੇ ਦਾ ਕੋਈ ਵੀ ਹਿੱਸਾ, ਚਾਹੇ ਉਹ ਸਾਫਟ ਕਾਪੀ, ਹਾਰਡ ਕਾਪੀ, ਜਾਂ ਕਿਸੇ ਵੀ ਡਿਜੀਟਲ ਰੂਪ ਵਿੱਚ ਹੋਵੇ, ਕਿਸੇ ਵੀ ਤਰੀਕੇ ਨਾਲ ਕਾਪੀ, ਪ੍ਰਿੰਟ, ਵੰਡਿਆ ਜਾਂ ਦੁਬਾਰਾ ਤਿਆਰ ਨਹੀਂ ਕੀਤਾ ਜਾ ਸਕਦਾ। ਇਸ ਕਿਤਾਬਚੇ ਦੀ ਬਿਨਾ ਇਜਾਜ਼ਤ ਵਰਤੋਂ, ਵੰਡ, ਜਾਂ ਦੁਬਾਰਾ ਤਿਆਰ ਕਰਨ ਦੀ ਸਖ਼ਤ ਮਨਾਹੀ ਹੈ ਅਤੇ ਅਜਿਹਾ ਕਰਨ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਜਾਣ ਪਛਾਣ**

1947 ਦੀ ਵੰਡ ਦੇ ਨਤੀਜੇ ਵਜੋਂ ਨਾ ਸਿਰਫ਼ ਜਾਨ-ਮਾਲ ਦਾ ਨੁਕਸਾਨ ਹੋਇਆ, ਸਗੋਂ ਸਿੱਖ ਭਾਈਚਾਰਾ ਲਹਿੰਦੇ ਪੰਜਾਬ ਵਿਚਲੇ ਆਪਣੇ ਮਹੱਤਵਪੂਰਨ ਇਤਿਹਾਸਕ ਗੁਰਦੁਆਰਿਆਂ ਅਤੇ ਯਾਦਗਾਰਾਂ ਤੋਂ ਵੀ ਵਿਛੜ ਗਿਆ। ਇਹ ਵਿਛੋੜਾ 75 ਸਾਲਾਂ ਤੋਂ ਵੱਧ ਸਮੇਂ ਤੱਕ ਜਾਰੀ ਰਿਹਾ ਹੈ ਅਤੇ ਇਸ ਕਾਰਨ ਇਹਨਾਂ ਵਿੱਚੋਂ ਕਈ ਅਸਥਾਨ ਵਿਸਾਰ ਦਿੱਤੇ ਗਏ ਹਨ। ਇਸ ਉਪਰਾਲੇ ਦੀ ਇਤਿਹਾਸਕ ਮਹੱਤਤਾ ਬਹੁਤ ਵੱਡੀ ਹੈ ਅਤੇ ਇਸ ਦਾ ਮਕਸਦ ਸਿੱਖ ਚੇਤਨਾ ਵਿੱਚ 'ਯਾਦਾਂ ਵਿੱਚੋਂ ਗੁਆਚੇ' ਸਿੱਖ ਇਤਿਹਾਸਕ ਅਸਥਾਨਾਂ ਨੂੰ ਮੁੜ ਸੁਰਜੀਤ ਕਰਨਾ ਹੈ। ਤੁਹਾਡੀ ਦਿਲਚਸਪੀ ਅਤੇ ਸਹਿਯੋਗ ਇਸ ਉਪਰਾਲੇ ਲਈ ਨਾ ਸਿਰਫ਼ ਮਹੱਤਵਪੂਰਨ ਹੈ, ਸਗੋਂ ਇਸ ਦਾ ਇੱਕ ਅਹਿਮ ਹਿੱਸਾ ਵੀ ਹੈ।

ਆਪਣੇ ਇਤਿਹਾਸ ਅਸਥਾਨਾਂ ਤੋਂ 75 ਸਾਲਾਂ ਤੋਂ ਵੀ ਵੱਧ ਸਮੇਂ ਦੇ ਇਸ ਵਿਛੋੜੇ ਦਾ ਨਤੀਜਾ ਸਿਰਫ਼ ਇਹ ਨਹੀਂ ਸੀ ਕਿ ਅਸੀਂ ਆਪਣੇ ਇਤਿਹਾਸਕ ਅਸਥਾਨਾਂ ਤੋਂ ਦੂਰ ਹੋਏ, ਬਲਕਿ ਇਸ ਦਾ ਵੱਡਾ ਅਸਰ ਇਹ ਵੀ ਹੋਇਆ ਕਿ ਅਸੀਂ ਉਨ੍ਹਾਂ ਅਸਥਾਨਾਂ ਬਾਰੇ ਤਕਰੀਬਨ ਭੁੱਲ ਹੀ ਗਏ। ਕੁਝ ਕੁ ਚੋਣਵੇਂ ਵੱਡੇ ਅਸਥਾਨਾਂ ਨੂੰ ਛੱਡ ਕੇ ਬਹੁਤਿਆਂ ਅਸਥਾਨ (ਖ਼ਾਸਕਰ ਜੋ ਪਿੰਡਾਂ ਵਿੱਚ ਹਨ) ਬਾਰੇ ਸਾਡੇ ਵਿਚੋਂ ਬਹੁਤੇ ਲੋਕ ਨਹੀਂ ਜਾਣਦੇ।

ਜੀਵੇ ਸਾਂਝਾ ਪੰਜਾਬ ਨੇ ਪਾਕਿਸਤਾਨ ਦੇ ਚੋਣਵੇਂ ਜ਼ਿਲ੍ਹਿਆਂ ਵਿੱਚ ਇਨ੍ਹਾਂ 'ਯਾਦਾਂ ਵਿੱਚੋਂ ਗੁਆਚੇ' ਸਿੱਖ ਇਤਿਹਾਸਕ ਅਸਥਾਨਾਂ ਦੇ ਦਸਤਾਵੇਜ਼ੀਕਰਨ ਦਾ ਬਹੁਤ ਹੀ ਬਾਰੀਕੀ ਅਤੇ ਸਮਰਪਣ ਭਰਿਆ ਕਾਰਜ ਸ਼ੁਰੂ ਕੀਤਾ ਹੈ। ਸਾਡਾ ਇਹ ਕਾਰਜ ਪੰਜਾਬ ਵਿੱਚ ਸਿੱਖ ਗੁਰਦੁਆਰਿਆਂ ਬਾਰੇ 1947 ਤੋਂ ਪਹਿਲਾਂ ਪ੍ਰਕਾਸ਼ਿਤ ਹੋਈਆਂ ਵੱਧ ਤੋਂ ਵੱਧ ਕਿਤਾਬਾਂ, ਜੋ ਕਿ ਸਾਰੀਆਂ ਗੁਰਮੁਖੀ ਵਿੱਚ ਲਿਖੀਆਂ ਗਈਆਂ ਸਨ, ਦੇ ਡੂੰਘੇ ਅਧਿਐਨ, ਅਤੇ ਨਾਲ ਹੀ ਵੰਡ ਤੋਂ ਪਹਿਲਾਂ ਪ੍ਰਕਾਸ਼ਿਤ ਲਾਹੌਰ ਦੇ ਨਕਸ਼ਿਆਂ ਤੇ ਅਧਾਰਿਤ ਹੈ। ਪਹਿਲਾਂ ਅਸੀ ਇਨ੍ਹਾਂ ਇਤਿਹਾਸਕ ਸ੍ਰੋਤਾਂ ਅਤੇ ਨਕਸ਼ਿਆਂ ਦਾ ਅਧਿਐਨ ਕੀਤਾ। ਫ਼ਿਰ ਦੂਜੇ ਕਦਮ ਵਿਚ ਪਾਕਿਸਤਾਨ (ਮੁੱਖ ਤੌਰ 'ਤੇ ਲਹਿੰਦੇ ਪੰਜਾਬ) ਵਿੱਚ ਅਜਿਹੇ 200 ਤੋਂ ਵੱਧ ਇਤਿਹਾਸਕ ਅਸਥਾਨਾਂ ਦਾ ਇੱਕ ਵਿਆਪਕ ਡੇਟਾਬੇਸ ਤਿਆਰ ਕੀਤਾ, ਜਿਸ ਵਿੱਚ ਇਨ੍ਹਾਂ ਅਸਥਾਨ ਦਾ ਇਤਿਹਾਸ ਅਤੇ ਉਸਦੀ ਬਿਲਕੁਲ ਸਹੀ ਜਗ੍ਹਾ ਬਾਰੇ ਵੱਧ ਤੋਂ ਵੱਧ ਜਾਣਕਾਰੀ ਸ਼ਾਮਲ ਕੀਤੀ ਗਈ। ਤੀਜੇ ਕਦਮ ਵਿਚ ਹਰ ਇੱਕ ਅਸਥਾਨ 'ਤੇ ਜਾ ਕੇ, ਉਸਨੂੰ ਲੱਭਣਾ, ਉਸ ਦੀ ਨਿਸ਼ਾਨਦੇਹੀ ਅਤੇ ਦਸਤਾਵੇਜ਼ੀਕਰਨ ਕਰਨਾ ਸੀ। ਇਤਿਹਾਸਕ ਸ੍ਰੋਤਾਂ ਅਤੇ ਸਥਾਨਕ ਪਿੰਡਾਂ ਦੇ ਬਜ਼ੁਰਗਾਂ ਨਾਲ ਮੁਲਾਕਾਤਾਂ ਸਦਕਾ ਅਸੀਂ ਲਾਹੌਰ ਜ਼ਿਲ੍ਹੇ ਦੇ 40 ਤੋਂ ਵੱਧ ਅਸਥਾਨਾਂ ਵਿੱਚੋਂ ਤਕਰੀਬਨ ਹਰੇਕ ਦੀ ਨਿਸ਼ਾਨਦੇਹੀ ਕਰਨ ਵਿੱਚ ਸਫਲ ਰਹੇ। ਕੁਝ ਥਾਵਾਂ ਤੇ, ਇਮਾਰਤਾਂ ਅਜੇ ਵੀ ਮੌਜੂਦ ਸਨ (ਅਕਸਰ ਖੰਡਰ ਦੇ ਰੂਪ ਵਿੱਚ), ਪਰ ਜ਼ਿਆਦਾਤਰ ਥਾਵਾਂ ਤੇ, ਇਨ੍ਹਾਂ ਨੂੰ ਢਾਹ ਦਿੱਤਾ ਗਿਆ ਸੀ ਅਤੇ ਇਸਦੇ ਉੱਪਰ ਕੋਈ ਹੋਰ ਧਾਰਮਿਕ ਜਾਂ ਗੈਰ-ਧਾਰਮਿਕ ਇਮਾਰਤ ਬਣਾ ਦਿੱਤੀ ਗਈ ਸੀ। ਇਹ ਕਿਤਾਬਚਾ ਪਾਕਿਸਤਾਨ ਦੇ ਮੌਜੂਦਾ ਲਾਹੌਰ ਜ਼ਿਲ੍ਹੇ ਲਈ ਕੀਤੇ ਗਏ ਇਸੇ ਕਾਰਜ ਤੋਂ ਤਿਆਰ ਕੀਤਾ ਗਿਆ ਹੈ।

ਇਸ ਕਾਰਜ ਰਾਹੀਂ ਅਸੀਂ, ਸਿੱਖ ਕੌਮ ਦੇ ਮਨਾਂ ਵਿੱਚੋਂ ਵਿਸਰੇ ਹੋਏ ਲਹਿੰਦੇ ਪੰਜਾਬ (ਮੌਜੂਦਾ ਪਾਕਿਸਤਾਨ) ਵਿਚਕਾਰਲੇ ਗੁਰਦੁਆਰਿਆਂ ਅਤੇ ਗੁਰਧਾਮਾਂ ਦੀ ਯਾਦ ਨੂੰ ਮੁੜ ਸੁਰਜੀਤ ਕਰ ਰਹੇ ਹਾਂ। ਸਾਨੂੰ ਉਮੀਦ ਹੈ ਕਿ ਸਾਡੇ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਨਾਲ ਜੁੜੇ ਇਨ੍ਹਾਂ ਇਤਿਹਾਸਕ ਅਸਥਾਨਾਂ ਦੀ ਮੁੜ ਉਸਾਰੀ ਅਤੇ ਸਾਂਭ ਸੰਭਾਲ ਲਈ ਉਪਰਾਲੇ ਕੀਤੇ ਜਾਣਗੇ ਅਤੇ ਸਾਡੀਆਂ ਆਉਣ ਵਾਲਿਆਂ ਪੀੜ੍ਹੀਆਂ ਇਨ੍ਹਾਂ ਅਸਥਾਨਾਂ ਨੂੰ ਯਾਦ ਰੱਖਣਗੀਆਂ। ਇਹ ਪੂਰੇ ਪੰਥ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਗੁਰੂ ਸਾਹਿਬਾਨ ਦੀ ਚਰਣਛੋਹ ਪ੍ਰਾਪਤ ਇਹ ਅਸਥਾਨ ਸਾਡੇ ਚੇਤਿਆਂ ਵਿਚੋਂ ਨਾ ਵਿਸਰਨ।

ਅਸੀਂ ਪੰਜਾਬ ਡਿਜੀਟਲ ਲਾਇਬ੍ਰੇਰੀ (www.panjabdigilib.org/) ਦੇ ਸਹਿਯੋਗ ਅਤੇ ਇਸਦੇ ਰਿਕਾਰਡਾਂ ਤੱਕ ਪਹੁੰਚ ਦੀ ਇਜਾਜ਼ਤ ਦੇਣ ਲਈ ਦਿਲੋਂ ਧੰਨਵਾਦੀ ਹਾਂ।ਅਸੀਂ ਦਸਵੰਧ ਨੈੱਟਵਰਕ (https://dvnetwork.org/) ਦੇ ਸਹਿਯੋਗ ਦਾ ਵੀ ਸ਼ੁਕਰਾਨਾ

ਕਰਦੇ ਹਾਂ। ਇਸ ਦੇ ਨਾਲ ਹੀ, ਅਸੀਂ ਵਾਲਡ ਸਿਟੀ ਆਫ਼ ਲਾਹੌਰ ਅਥਾਰਟੀ (https://walledcitylahore.gop.pk/) ਦੇ ਸਹਿਯੋਗ ਦੀ ਵੀ ਸ਼ਲਾਘਾ ਕਰਦੇ ਹਾਂ।

## ਇਸ ਕਿਤਾਬਚੇ ਨੂੰ ਕਿਵੇਂ ਵਰਤੀਏ?

ਇਹ ਹਿੱਸਾ ਇਸ ਕਿਤਾਬਚੇ ਦੀ ਵਰਤੋਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਾ ਹੈ। ਇਸ ਵਿੱਚ ਇਤਿਹਾਸਕ ਅਸਥਾਨਾਂ, ਇਨ੍ਹਾਂ ਤੱਕ ਪਹੁੰਚਣ ਲਈ ਨਕਸ਼ੇ (Google Map Coordinates) ਅਤੇ ਹੋਰ ਜਾਣਕਾਰੀ ਸ਼ਾਮਲ ਹੈ। ਤੁਸੀਂ ਇਹ ਵੀ ਜਾਣੋਗੇ ਕਿ ਜੇਕਰ ਤੁਸੀਂ ਇਨ੍ਹਾਂ ਅਸਥਾਨਾਂ ਤੇ ਜਾਣ ਬਾਰੇ ਸੋਚਦੇ ਹੋ ਤਾਂ ਕੀ ਕੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸੰਗਤ ਅਤੇ ਖੋਜੀ ਇਨ੍ਹਾਂ ਇਤਿਹਾਸਕ ਅਸਥਾਨਾਂ ਦੇ ਦਰਸ਼ਨਾਂ ਲਈ ਇਸ ਕੀਮਤੀ ਜਾਣਕਾਰੀ ਦੀ ਵਰਤੋਂ ਕਰਨਗੇ।

ਇਸ ਕਿਤਾਬਚੇ ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਨਾਲ ਜੁੜੇ ਛੇ, ਸ੍ਰੀ ਗੁਰੂ ਅਮਰਦਾਸ ਜੀ ਨਾਲ ਜੁੜੇ ਇਕ, ਸ੍ਰੀ ਗੁਰੂ ਰਾਮ ਦਾਸ ਜੀ ਨਾਲ ਜੁੜੇ ਦੋ, ਸ੍ਰੀ ਗੁਰੂ ਅਰਜਨ ਸਾਹਿਬ ਜੀ ਨਾਲ ਜੁੜੇ ਚਾਰ, ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੁੜੇ ਗਿਆਰਾਂ ਅਸਥਾਨਾਂ ਬਾਰੇ ਜਾਣਕਾਰੀ ਸ਼ਾਮਲ ਹੈ। ਇਸ ਤੋਂ ਅਲਾਵਾ ਗੁਰੂ ਸਾਹਿਬ ਦੇ ਸਿੱਖਾਂ ਦੇ ਤਿੰਨ ਅਸਥਾਨ ਅਤੇ ਮਿਸਲ ਕਾਲ ਦੇ ਸ਼ਹੀਦਾਂ ਦੇ ਪੰਜ ਅਸਥਾਨ ਹਨ। ਖ਼ਾਲਸਾ ਰਾਜ ਨਾਲ ਜੁੜੇ ਚਾਰ ਅਸਥਾਨਾਂ ਤੋਂ ਅਲਾਵਾ ਛੇ ਹੋਰ ਇਤਿਹਾਸਕ ਅਸਥਾਨਾਂ ਬਾਰੇ ਜਾਣਕਾਰੀ ਤੁਹਾਨੂੰ ਇਸ ਕਿਤਾਬਚੇ ਵਿੱਚੋਂ ਮਿਲੇਗੀ। ਇਹ ਸਾਰੇ 42 ਅਸਥਾਨ ਲਾਹੌਰ ਜ਼ਿਲ੍ਹੇ ਵਿਚ ਹਨ।

ਤੁਹਾਡੀ ਸੌਖ ਲਈ, ਅਸੀਂ ਇਸ ਕਿਤਾਬਚੇ ਵਿੱਚ ਨਕਸ਼ੇ ਸ਼ਾਮਲ ਕੀਤੇ ਹਨ, ਜਿਨ੍ਹਾਂ 'ਤੇ ਅਸਥਾਨਾਂ ਦੇ ਨੰਬਰ ਲਿਖੇ ਹੋਏ ਹਨ। ਹਰੇਕ ਅਸਥਾਨ ਦੇ ਨਾਲ ਗੂਗਲ ਮੈਪ (Google Maps) ਦੇ ਕੋਆਰਡੀਨੇਟਸ ਅਤੇ ਸੰਖੇਪ ਇਤਿਹਾਸ ਲਿਖਿਆ ਹੈ। ਇਸ ਦੇ ਨਾਲ ਹੀ ਗੂਗਲ ਮੈਪਸ ਦਾ ਲਿੰਕ ਅਤੇ ਜਿਨ੍ਹਾਂ ਅਸਥਾਨਾਂ ਦੀ ਵੀਡੀਓ ਸਾਡੇ ਕੋਲ ਮੌਜੂਦ ਹੈ, ਉਨ੍ਹਾਂ ਦੀ ਜਾਣਕਾਰੀ ਭਰਪੂਰ ਵੀਡੀਓ ਦੇ ਲਿੰਕ ਵੀ ਸ਼ਾਮਲ ਕੀਤੇ ਗਏ ਹ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੀ ਲੋੜੀਂਦੀ ਜਾਣਕਾਰੀ ਤੁਹਾਡੇ ਤੱਕ ਪਹੁੰਚ ਸਕੇ।

ਤੁਸੀਂ ਆਪਣੇ ਸਮੇਂ ਦੇ ਹਿਸਾਬ ਨਾਲ, ਗੂਗਲ ਮੈਪਸ ਦੇ ਲਿੰਕਾਂ ਜਾਂ ਕੋਆਰਡੀਨੇਟਸ ਦੀ ਵਰਤੋਂ ਕਰਕੇ ਆਪਣੀ ਯਾਤਰਾ ਦੀ ਯੋਜਨਾ ਬਣਾ ਸਕਦੇ ਹੋ। ਤੁਸੀਂ ਹੇਠਾਂ ਦਿੱਤੀ ਜਾਣਕਾਰੀ ਨਾਲ ਆਪਣੀ ਯਾਤਰਾ ਦੀ ਯੋਜਨਾ ਬਣਾ ਸਕਦੇ ਹੋ।

| | |
|---|---|
| ਨੀਲਾ | ਉਹ ਅਸਥਾਨ ਜਿਹੜੇ ਗੁਰਦੁਆਰਾ ਸਾਹਿਬ ਮੌਜੂਦ ਅਤੇ ਚਲ ਰਹੇ ਹਨ, ਇੱਥੇ ਜ਼ਰੂਰ ਜਾਓ। |
| ਹਰਾ | ਬਹੁਤ ਚੰਗੀ ਹਾਲਤ ਵਿੱਚ, ਪਰ ਚੱਲ ਰਿਹਾ ਗੁਰਦੁਆਰਾ ਸਾਹਿਬ ਨਹੀਂ, ਇੱਥੇ ਜ਼ਰੂਰ ਜਾਓ। |
| ਜਾਮਨੀ | ਜਿਹੜੇ ਅਸਥਾਨਾਂ ਦੀਆਂ ਇਮਾਰਤਾਂ ਅਜੇ ਵੀ ਖੜੀਆਂ ਹਨ (ਕੁਝ ਤੇ ਸਥਾਨਕ ਲੋਕਾਂ ਦਾ ਕਬਜ਼ਾ ਹੈ, ਕੁਝ ਸਮਾਧਾਂ ਜਾਂ ਸਕੂਲ ਵਿੱਚ ਤਬਦੀਲ ਹੋ ਗਈਆਂ ਹਨ)। ਇਨ੍ਹਾਂ ਸਾਰੇ ਅਸਥਾਨਾਂ ਦੀ ਯਾਤਰਾ ਸਿੱਖ ਯਾਤਰੀਆਂ ਨੂੰ ਜ਼ਰੂਰ ਕਰਨੀ ਚਾਹੀਦੀ ਹੈ, ਜੇਕਰ ਸਮਾਂ ਇਜਾਜ਼ਤ ਦਵੇ। |
| ਲਾਲ | ਇਹ ਇਮਾਰਤਾਂ ਖੰਡਰ ਵਿੱਚ ਤਬਦੀਲ ਹੋ ਚੁੱਕੀਆਂ ਹਨ। ਜੇਕਰ ਤੁਸੀਂ ਇੱਥੇ ਜਾਂਦੇ ਹੋ, ਤਾਂ ਵੱਧ ਸਾਵਧਾਨੀ ਵਰਤੋ, ਕਿਉਂਕਿ ਇੱਥੇ ਜਾਣਾ ਅਸੁਰੱਖਿਅਤ ਹੋ ਸਕਦਾ ਹੈ। |
| ਭੂਰਾ | ਇਹ ਅਸਥਾਨ ਪੂਰੀ ਤਰ੍ਹਾਂ ਖ਼ਤਮ ਹੋ ਗਏ ਹਨ, ਜਾਂ ਇਨ੍ਹਾਂ ਦੀ ਜਗ੍ਹਾ ਨਵੀਆਂ ਇਮਾਰਤਾਂ ਬਣ ਗਈਆਂ ਹਨ। ਪਰ ਕਿਉਂਕਿ ਸਾਨੂੰ ਹੁਣ ਇਨ੍ਹਾਂ ਦੀ ਬਿਲਕੁਲ ਸਹੀ ਜਗ੍ਹਾ ਦਾ ਪਤਾ ਹੈ, ਸੋ ਜੇਕਰ ਤੁਹਾਡੇ ਕੋਲ ਸਮਾਂ ਹੋਵੇ, ਤੁਸੀਂ ਇੱਥੇ ਜਾ ਸਕਦੇ ਹੋ। |

ਸ੍ਰੀ ਗੁਰੂ ਨਾਨਕ ਸਾਹਿਬ ਜੀ

1. ਗੁਰਦੁਆਰਾ ਨਾਨਕਗੜ੍ਹ, ਪਾਤਸ਼ਾਹੀ ਪਹਿਲੀ
2. ਗੁਰਦੁਆਰਾ ਭਾਈ ਦੂਨੀ ਚੰਦ, ਪਾਤਸ਼ਾਹੀ ਪਹਿਲੀ
3. ਗੁਰਦੁਆਰਾ ਜਨਮ ਅਸਥਾਨ ਬੀਬੀ ਨਾਨਕੀ ਜੀ, ਡੇਰਾ ਚਾਹਲ
4. ਗ ੁਰਦੁਆਰਾ ਰੋੜੀ ਸਾਹਿਬ, ਪਾਤਸ਼ਾਹੀ ਪਹਿਲੀ
5. ਗੁਰਦੁਆਰਾ ਛੋਟਾ ਨਾਨਕਿਆਣਾ, ਪਾਤਸ਼ਾਹੀ ਪਹਿਲੀ
6. ਗੁਰਦੁਆਰਾ ਪਾਤਸ਼ਾਹੀ ਪਹਿਲੀ, ਘਵਿੰਡੀ

ਸ੍ਰੀ ਗੁਰੂ ਅਮਰਦਾਸ ਜੀ

7. ਗੁਰਦੁਆਰਾ ਬਾਉਲੀ ਸਾਹਿਬ, ਪਾਤਸ਼ਾਹੀ ਤੀਜੀ

ਸ੍ਰੀ ਗੁਰੂ ਰਾਮਦਾਸ ਜੀ

8. ਗੁਰੁਆਰਾ ਜਨਮ ਅਸਥਾਨ, ਪਾਤਸ਼ਾਹੀ ਚੌਥੀ
9. ਗੁਰਦੁਆਰਾ ਧਰਮਸਾਲ, ਪਾਤਸ਼ਾਹੀ ਚੌਥੀ

ਸ੍ਰੀ ਗੁਰੂ ਅਰਜਨ ਸਾਹਿਬ ਜੀ

10. ਗੁਰਦੁਆਰਾ ਦਿਵਾਨਖ਼ਾਨਾ, ਪਾਤਸ਼ਾਹੀ ਪੰਜਵੀਂ
11. ਗੁਰਦੁਆਰਾ ਬਾਉਲੀ ਸਾਹਿਬ, ਪਾਤਸ਼ਾਹੀ ਪੰਜਵੀਂ
12. ਗੁਰਦੁਆਰਾ ਲਾਲ ਖੂਹ, ਪਾਤਸ਼ਾਹੀ ਪੰਜਵੀਂ
13. ਗੁਰਦੁਆਰਾ ਡੇਰਾ ਸਾਹਿਬ, ਪਾਤਸ਼ਾਹੀ ਪੰਜਵੀਂ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

14. ਗੁਰਦੁਆਰਾ ਚੁਮਾਲਾ ਸਾਹਿਬ, ਪਾਤਸ਼ਾਹੀ ਛੇਵੀਂ
15. ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਛੇਵੀਂ
16. ਗੁਰਦੁਆਰਾ ਪਾਤਸ਼ਾਹੀ ਛੇਵੀਂ, ਮੌਜੰਗ
17. ਗੁਰੂਦੁਆਰਾ ਸ਼ਿਕਾਰਗੜ੍ਹ, ਪਾਤਸ਼ਾਹੀ ਛੇਵੀਂ
18. ਗੁਰਦੁਆਰਾ ਪਾਤਸ਼ਾਹੀ ਛੇਵੀਂ, ਗੁਰੂ ਮਾਂਗਟ
19. ਗੁਰਦੁਆਰਾ ਪਾਤਸ਼ਾਹੀ ਛੇਵੀਂ, ਚੁੰਗੀ ਅਮਰ ਸਿੱਧੂ
20. ਗੁਰਦੁਆਰਾ ਪਾਤਸ਼ਾਹੀ ਛੇਵੀਂ, ਝੱਲੀਆਂ
21. ਗੁਰਦੁਆਰਾ ਪਾਤਸ਼ਾਹੀ ਛੇਵੀਂ, ਹੁਡਿਆਰਾ
22. ਗੁਰਦੁਆਰਾ ਪਾਤਸ਼ਾਹੀ ਛੇਵੀ, ਸਾਹਿਬ ਪਢਾਣਾ
23. ਗੁਰਦੁਆਰਾ ਪਾਤਸ਼ਾਹੀ ਛੇਵੀਂ, ਰਾਮਪੁਰਾ ਖ਼ੁਰਦ
24. ਗੁਰਦੁਆਰਾ ਪਾਤਸ਼ਾਹੀ ਛੇਵੀਂ, ਰਾਮਪੁਰਾ ਕਲਾਂ

ਗੁਰਸਿੱਖਾਂ ਦੇ ਅਸਥਾਨ

25. ਗੁਰਦੁਆਰਾ ਬੁੱਧੂ ਦਾ ਆਵਾ
26. ਜਨਮਅਸਥਾਨ ਭਾਈ ਦਇਆ ਸਿੰਘ ਜੀ
27. ਗੁਰਦੁਆਰਾ ਮਨਹਾਲਾ, ਬਾਬਾ ਬਾਲੂ ਹਸਨਾ

ਮਿਸਲ ਕਾਲ ਦੇ ਸ਼ਹੀਦਾਂ ਦੇ ਅਸਥਾਨ

28. ਗੁਰਦੁਆਰਾ ਸ਼ਹੀਦਗੰਜ ਸਿੰਘ ਸਿੰਘਣੀਆਂ
29. ਗੁਰਦੁਆਰਾ ਸ਼ਹੀਦਗੰਜ ਭਾਈ ਮਨੀ ਸਿੰਘ ਜੀ
30. ਗੁਰਦੁਆਰਾ ਸ਼ਹੀਦਗੰਜ ਭਾਈ ਤਾਰੂ ਸਿੰਘ ਜੀ
31. ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਜੀ
32. ਗੁਰਦੁਆਰਾ ਸ਼ਹੀਦਗੰਜ ਭਾਈ ਧਰਮ ਸਿੰਘ ਜੀ

ਸਿੱਖ ਰਾਜ ਨਾਲ ਜੁੜੇ ਅਸਥਾਨ

33. ਸਮਾਧ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਅਤੇ ਮਹਾਰਾਣੀ ਜਿੰਦ ਕੌਰ
34. ਸਮਾਧ ਮਹਾਰਾਜਾ ਸ਼ੇਰ ਸਿੰਘ ਅਤੇ ਟਿੱਕਾ ਪ੍ਰਤਾਪ ਸਿੰਘ
35. ਸਮਾਧ ਮਹਾਰਾਣੀ ਦਾਤਾਰ ਕੌਰ, ਰਾਣੀ ਚੰਦ ਕੌਰ ਅਤੇ ਰਾਣੀ ਸਾਹਿਬ ਕੌਰ
36. ਸਮਾਧ ਸ਼ਹਿਜ਼ਾਦੀ ਬੰਬਾਂ ਸਦਰਲੈਂਡ

ਹੋਰ ਅਸਥਾਨ


37. ਗੁਰਦੁਆਰਾ ਬਾਬਾ ਜਮੈਤ ਸਿੰਘ, ਕਾਹਨਾ ਨਾਉ
38. ਗੁਰਦੁਆਰਾ ਚੁਬੱਚਾ ਸਾਹਿਬ
39. ਸਮਾਧ ਬਾਬਾ ਸ੍ਰੀ ਚੰਦ ਜੀ, ਡੇਰਾ ਟਾਹਲੀ ਸਾਹਿਬ
40. ਸਮਾਧ ਬਾਬਾ ਪਿਰਥੀ ਚੰਦ
41. ਸਰੋਵਰ ਬਾਬਾ ਪਿਰਥੀ ਚੰਦ
42. ਡੇਰਾ ਬਾਬਾ ਪਿਰਥੀ, ਮਾਣਕ

ਲਾਹੌਰ ਜ਼ਿਲ੍ਹੇ ਦੇ ਦੋ ਗੁਰਦੁਆਰਿਆਂ ਵਿੱਚ ਬਹੁਤ ਹੀ ਸੁੰਦਰ ਚਿੱਤਰਕਾਰੀ (fresco) ਹੈ। ਪਹਿਲਾ ਗੁਰਦੁਆਰਾ ਡੇਰਾ ਸਾਹਿਬ ਪਾਤਸ਼ਾਹੀ ਪੰਜਵੀਂ (#13) ਹੈ, ਖ਼ਾਸ ਕਰਕੇ ਇਸ ਦਾ ਬਾਹਰੀ ਲਾਂਘਾ ਅਤੇ ਸਭ ਤੋਂ ਉੱਪਰਲੀ ਮੰਜ਼ਿਲ। ਗੁਰਦੁਆਰਾ ਪਾਤਸ਼ਾਹੀ ਛੇਵੀਂ, ਹੁਡਿਆਰਾ (#21) ਦੇ ਅੰਦਰ ਵੀ ਬਹੁਤ ਸੁੰਦਰ ਚਿੱਤਰਕਾਰੀ ਹੋਈ ਹੈ।


ਇਸ ਕਿਤਾਬਚੇ ਦੇ ਪ੍ਰਕਾਸ਼ਿਤ ਹੋਣ ਤੱਕ ਇਹ ਦੋ ਸਿੱਖ ਇਤਿਹਾਸਕ ਅਸਥਾਨ ਨਹੀਂ ਲੱਭੇ ਜਾ ਸਕੇ:

- ਜਨਮ ਅਸਥਾਨ ਮਾਤਾ ਜੀਤੋ ਜੀ (1673-1700) ਸਹਿਗਲ ਗਲੀ, ਲਾਹੌਰ ਅਤੇ
- ਸਮਾਧ ਭਾਈ ਹਕੀਕਤ ਸਿੰਘ ਧਰਮੀ, (1724-1735) ਨੇੜੇ ਪਿੰਡ ਖੂਈ ਮੀਰਾਂ, ਲਾਹੌਰ।


## <u>ਲਾਹੌਰ ਜ਼ਿਲ੍ਹੇ ਦਾ ਨਕਸ਼ਾ</u>



# ਲਾਹੌਰ ਸ਼ਹਿਰ ਦਾ ਨਕਸ਼ਾ




# ਪੁਰਾਣੇ ਲਾਹੌਰ ਸ਼ਹਿਰ (Walled City of Lahore) ਦਾ ਨਕਸ਼ਾ



# ਸਿੱਖ ਇਤਿਹਾਸਕ ਅਸਥਾਨਾਂ ਦੀ ਸੂਚੀ

## ਸ੍ਰੀ ਗੁਰੂ ਨਾਨਕ ਸਾਹਿਬ ਜੀ

1. **ਗੁਰਦੁਆਰਾ ਨਾਨਕਗੜ੍ਹ ਪਾਤਸ਼ਾਹੀ ਪਹਿਲੀ** (31°36'22.6"N 74°19'23.5"E) : ਇਹ ਅਸਥਾਨ ਬਹੁਤ ਵੱਡੀ ਮਹੱਤਤਾ ਰੱਖਦਾ ਹੈ ਕਿਉਂਕਿ ਇਹ ਉਹ ਜਗ੍ਹਾ ਹੈ ਜਿੱਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਬੁੱਢਾ ਰਾਵੀ ਅਤੇ ਬਾਦਾਮੀ ਬਾਗ ਦੇ ਉੱਤਰ



ਵਿੱਚ ਸਥਿਤ ਬੰਗਾਲੀਆਂਵਾਲਾ ਬਾਗ ਵਿੱਚ ਆਉਣ ਸਮੇਂ ਰੁਕੇ ਸਨ। ਉੱਥੋਂ, ਉਹ ਭਾਈ ਦੁਨੀ ਚੰਦ ਜੀ ਦੀ ਬੇਨਤੀ 'ਤੇ ਗੁਰਦੁਆਰਾ ਭਾਈ ਦੁਨੀ ਚੰਦ ਪਾਤਸ਼ਾਹੀ ਪਹਿਲੀ ਵੱਲ ਗਏ ਸਨ। ਹੁਣ, ਇਸ ਦੀ ਜਗ੍ਹਾ 'ਤੇ ਇੱਕ ਮਕਾਨ (ਘਰ) ਬਣਿਆ ਹੋਇਆ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰੇ ਕੋਲ ਲਗਭਗ 2.5 ਏਕੜ ਜ਼ਮੀਨ ਅਤੇ ਇੱਕ ਖੂਹ ਲੱਗਿਆ ਹੋਇਆ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/3XKKI60

2. **ਗੁਰਦੁਆਰਾ ਭਾਈ ਦੂਨੀ ਚੰਦ, ਪਾਤਸ਼ਾਹੀ ਪਹਿਲੀ** (31°34'55.0"N 74°19'22.1"E) : 1501 ਵਿੱਚ, ਭਾਈ ਦੁਨੀ ਚੰਦ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਬਾਦਾਮੀ ਬਾਗ ਦੇ ਨੇੜੇ ਗੁਰਦੁਆਰਾ ਨਾਨਕਗੜ੍ਹ ਦੇ ਅਸਥਾਨ ਤੋਂ ਦਿੱਲੀ ਗੇਟ ਦੇ ਅੰਦਰ, ਵਜ਼ੀਰ ਖਾਨ ਮਸਜਿਦ ਦੇ ਪਿੱਛੇ ਸਥਿਤ ਚੂਹੱਟਾ ਜਵਾਹਰ ਮਲ ਦੇ ਸਿਰੀਆਂਵਾਲਾ ਬਾਜ਼ਾਰ ਵਿੱਚ ਆਪਣੀ ਹਵੇਲੀ ਵਿਖੇ ਲੈ ਕੇ ਆਏ ਸਨ। ਇੱਥੋਂ, ਗੁਰੂ ਸਾਹਿਬ ਫਿਰ ਨਨਕਾਣਾ ਸਾਹਿਬ ਗਏ ਸਨ। ਗੁਰਦੁਆਰਾ ਸਾਹਿਬ ਦਾ ਦਰਬਾਰ ਹਾਲ ਅਜੇ ਵੀ ਸੁਰੱਖਿਅਤ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/3FXLtCQ



3. **ਗੁਰਦੁਆਰਾ ਜਨਮ ਅਸਥਾਨ ਬੀਬੀ ਨਾਨਕੀ ਜੀ, ਪਿੰਡ ਡੇਰਾ ਚਾਹਲ** (31°26'37.6"N 74°28'19.5"E) : ਪਿੰਡ ਡੇਰਾ ਚਾਹਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਾਨਕੇ ਅਤੇ ਸਹੁਰੇ ਪਰਿਵਾਰ ਦਾ ਪਿੰਡ ਹੈ। ਉਹ ਆਪਣੇ ਵਿਆਹ ਦੇ ਸਮੇਂ ਇੱਥੇ ਰੁਕੇ ਸਨ ਅਤੇ ਉਪਦੇਸ਼ ਦਿੱਤਾ ਸੀ। ਅਤੇ ਇਸ ਤੋਂ ਅਲਾਵਾ ਵੀ ਕਈ ਵਾਰੀ ਇੱਥੇ ਆਏ ਹਨ। ਉਹਨਾਂ ਦੀ ਵੱਡੀ ਭੈਣ, ਬੀਬੀ ਨਾਨਕੀ ਜੀ ਦਾ ਜਨਮ ਵੀ ਇੱਥੇ ਹੀ ਹੋਇਆ ਸੀ। ਇਸ ਗੁਰਦੁਆਰਾ ਸਾਹਿਬ ਦਾ ਨਾਮ ਵੀ ਬੀਬੀ ਨਾਨਕੀ ਜੀ ਦੇ ਨਾਮ ਤੇ ਗੁਰਦੁਆਰਾ ਜਨਮ ਅਸਥਾਨ ਬੀਬੀ ਨਾਨਕੀ ਜੀ ਹੀ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਲ ਲਗਭਗ 100 ਏਕੜ ਜ਼ਮੀਨ ਲੱਗੀ ਹੋਈ ਸੀ।



4. **ਗੁਰਦੁਆਰਾ ਰੋੜੀ ਸਾਹਿਬ ਪਾਤਸ਼ਾਹੀ ਪਹਿਲੀ** (31°21'20.6"N 74°32'02.5"E): ਜਾਹਮਣ ਪਿੰਡ ਦੇ ਕੋਲ ਇਸ ਗੁਰਦੁਆਰਾ ਸਾਹਿਬ ਦੇ ਅਸਥਾਨ ਤੇ ਪਾਤਸ਼ਾਹ ਕਈ ਵਾਰੀ ਆਏ ਹਨ, ਇਹ ਪਿੰਡ ਡੇਰਾ ਚਾਹਲ ਦੇ ਨੇੜੇ ਹੈ। ਵੰਡ ਵੇਲੇ ਇਸ ਦੀ ਨਵੀਂ ਇਮਾਰਤ ਬਣ ਰਹੀ ਸੀ ਅਤੇ ਸਿੱਖਾਂ ਦੇ ਚੜ੍ਹਦੇ ਪੰਜਾਬ ਆਉਣ ਕਰਕੇ ਅਧੂਰੀ ਹੀ ਰਹਿ ਗਈ। ਇਸ ਦੇ ਨਾਲ ਹੀ ਵੱਡਾ ਸਰੋਵਰ ਵੀ ਹੁੰਦਾ ਸੀ। ਜੁਲਾਈ 2023 ਵਿਚ ਤੇਜ਼ ਮੀਂਹ ਵਿਚ ਇਸ ਇਮਾਰਤ ਦਾ ਇੱਕ ਹਿੱਸਾ ਢਹਿ ਗਿਆ ਸੀ। ਇਸ ਦੀ ਮੁੜ ਉਸਾਰੀ ਲਈ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਅਸਥਾਨ ਬਾਰੇ ਵੀਡੀਓ ਵੇਖੋ: https://bit.ly/4i3BFUW



5. **ਗੁਰਦੁਆਰਾ ਛੋਟਾ ਨਾਨਕਿਆਣਾ, ਪਾਤਸ਼ਾਹੀ ਪਹਿਲੀ** (31°18'26.8"N 74°04'40.4"E) : ਪਿੰਡ ਮਾਂਗਾ ਦੇ ਨੇੜੇ, ਜੰਗਲ ਵਿੱਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੁਝ ਦਿਨ ਰੁਕੇ ਸਨ ਅਤੇ ਉਨ੍ਹਾਂ ਦੀ ਯਾਦ ਵਿੱਚ ਇੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ ਸੀ. ਅੱਜ ਵੀ ਇਹ ਇਮਾਰਤ ਤਾਂ ਖੜ੍ਹੀ ਹੈ ਪਰ ਇਹਦੀ ਛੱਤ ਪੂਰੀ ਤਰ੍ਹਾਂ ਢਹਿ ਚੁੱਕੀ ਹੈ, ਅਤੇ ਮੱਛੀ ਪਾਲਣ ਮਹਿਕਮਾ ਇਹਦੇ ਨਾਲ ਬਣੇ ਸਰੋਵਰ ਦੀ ਵਰਤੋਂ ਕਰਦਾ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰੇ ਨਾਲ 135 ਏਕੜ ਜ਼ਮੀਨ ਲੱਗੀ ਹੋਈ ਸੀ। ਇਸ ਅਸਥਾਨ ਦੀ ਵੀਡੀਓ ਵੇਖੋ: https://bit.ly/4jn6Uvf



6. **ਗੁਰਦੁਆਰਾ ਪਾਤਸ਼ਾਹੀ ਪਹਿਲੀ, ਪਿੰਡ ਘਵਿੰਡੀ** (31°24'22.6"N 74°34'53.6"E) : ਸ੍ਰੀ ਗੁਰੂ ਨਾਨਕ ਸਾਹਿਬ ਜੀ ਘਵਿੰਡੀ ਪਿੰਡ ਦੇ ਬਾਹਰਵਾਰ ਆਏ ਸਨ ਅਤੇ ਵਣਜਾਰਿਆਂ ਦੇ ਡੇਰੇ ਦੇ ਨੇੜੇ ਰੁਕੇ ਸਨ। ਇੱਥੇ ਅਜੇ ਵੀ ਇੱਕ ਪੁਰਾਣਾ ਲਹੂੜੇ ਦਾ ਰੁੱਖ ਅਤੇ ਗੁਰਦੁਆਰਾ ਸਾਹਿਬ ਦੀ ਇੱਕ ਛੋਟੀ ਜਿਹੀ ਖ਼ਸਤਾਹਾਲ ਇਮਾਰਤ ਮੌਜੂਦ ਹੈ, ਜਿਸ ਦੇ ਨਾਲ ਇੱਕ ਹੌਲੀ ਹੌਲੀ ਅਲੋਪ ਹੋ ਰਿਹਾ ਸਰੋਵਰ ਵੀ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰੇ ਨਾਲ ਘਵਿੰਡੀ ਪਿੰਡ ਦੇ ਲਾਗੇ ਲਗਭਗ 10 ਏਕੜ ਜ਼ਮੀਨ ਲੱਗੀ ਹੋਈ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/42wwdFB



**<u>ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ</u>**

7. **ਗੁਰਦੁਆਰਾ ਬਾਉਲੀ ਪਾਤਸ਼ਾਹੀ ਤੀਜੀ** (31°35'04.7"N 74°19'16.4"E) : ਇਹ ਬਾਉਲੀ ਗੁਰਦੁਆਰਾ ਜਨਮ ਅਸਥਾਨ ਪਾਤਸ਼ਾਹੀ ਚੌਥੀ ਦੇ ਕੋਲ ਮੁਲਤਾਨੀ ਮੁਹੱਲੇ ਦੇ ਸਾਮ੍ਹਣੇ ਹੈ। ਇਸ ਨੂੰ ਸ੍ਰੀ ਗੁਰੂ ਅਮਰ ਦਾਸ ਜੀ ਦੀ ਯਾਦ ਵਿੱਚ ਬਣਾਇਆ ਗਿਆ ਸੀ. ਸ੍ਰੀ ਗੁਰੂ ਅਮਰਦਾਸ ਜੀ ਆਪਣੀ ਲਾਹੌਰ ਫ਼ੇਰੀ ਸਮੇਂ ਇੱਥੇ ਰੁਕੇ ਸਨ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਵੀ ਆਪਣੀ ਲਾਹੌਰ ਫ਼ੇਰੀ ਸਮੇਂ ਇਸ ਅਸਥਾਨ ਤੇ ਰੁਕੇ ਸਨ। ਇਹ ਬਾਉਲੀ ਹੁਣ ਖ਼ਤਮ ਹੋ ਚੁੱਕੀ ਹੈ ਪਰ ਯਾਦਗਾਰ ਵੱਜੋਂ ਇੱਕ ਨਿੱਕਾ ਚਬੂਤਰਾ ਬਚਿਆ ਹੋਇਆ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ ਖੋਲ੍ਹੋ: https://bit.ly/3FT4xC1



**<u>ਸ੍ਰੀ ਗੁਰੂ ਰਾਮਦਾਸ ਸਾਹਿਬ ਜੀ</u>**

8. **ਗੁਰਦੁਆਰਾ ਜਨਮ ਅਸਥਾਨ ਪਾਤਸ਼ਾਹੀ ਚੌਥੀ, ਚੂਨਾ ਮੰਡੀ, ਲਾਹੌਰ** (31°35'05.6"N 74°19'15.9"E) : ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਜਨਮ ਇਸ ਅਸਥਾਨ ਤੇ ਸੰਨ 1534 ਵਿਚ ਪਿਤਾ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ ਸੀ। ਇੱਥੇ ਇੱਕ ਪੁਰਾਣਾ ਖੂਹ ਮੌਜੂਦ ਹੈ। ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੇਰ ਏ ਪੰਜਾਬ ਸਰਕਾਰ ਰਣਜੀਤ ਸਿੰਘ ਦੀ ਧਰਮ ਪਤਨੀ ਮਹਾਰਾਣੀ ਦਾਤਾਰ ਕੌਰ (ਜਿਨ੍ਹਾਂ ਨੂੰ ਨਕਈ ਮਿਸਲ ਤੋਂ ਹੋਣ ਕਰਕੇ ਮਾਈ ਨਕੈਣ ਵੀ ਕਹਿੰਦੇ ਹਨ) ਨੇ ਕਰਵਾਈ ਸੀ। 1947 ਦੀ ਵੰਡ ਤੋਂ ਪਹਿਲਾਂ ਇਸ ਅਸਥਾਨ ਦੇ ਨਾਮ 18 ਦੁਕਾਨਾਂ ਸਨ। ਇਸ ਅਸਥਾਨ ਦੀ ਵੀਡੀਓ ਵੇਖਣ ਲਈ ਇਸ ਲਿੰਕ ਤੇ ਜਾਓ: https://bit.ly/4iVe7CW



9. **ਗੁਰਦੁਆਰਾ ਧਰਮਸਾਲ ਪਾਤਸ਼ਾਹੀ ਚੌਥੀ** (31°35'06.2"N 74°19'15.0"E) : ਇਹ ਅਸਥਾਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡਿਆਂ ਵੱਲੋਂ ਪਹਿਲਾਂ ਹੀ ਬਣਾਇਆ ਹੋਇਆ ਸੀ। ਪਾਤਸ਼ਾਹ ਜਦੋਂ ਵੀ ਲਾਹੌਰ ਆਉਂਦੇ, ਇਸ ਅਸਥਾਨ ਤੇ ਰੁਕਦੇ ਸਨ। ਇਹ ਗੁਰਦੁਆਰਾ ਜਨਮ ਅਸਥਾਨ ਦੇ ਇਕਦਮ ਲਹਿੰਦੇ ਵੱਲ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਵੀ ਆਪਣੀ ਲਾਹੌਰ ਫ਼ੇਰੀ ਸਮੇਂ ਇਸ ਅਸਥਾਨ ਤੇ ਆਉਂਦੇ ਸਨ। ਇਸ ਅਸਥਾਨ ਨੂੰ 1930 ਤੱਕ ਆਉਂਦੇ ਆਉਂਦੇ ਗੁਰਦੁਆਰਾ ਦੀਵਾਨਖ਼ਾਨਾ ਪਾਤਸ਼ਾਹੀ ਪੰਜਵੀਂ ਦੇ ਨਾਲ ਜੋੜ ਦਿੱਤਾ ਗਿਆ ਸੀ। ਇਹ ਅਸਥਾਨ ਇਸ ਵੇਲੇ ਖੰਡਰ ਵਿੱਚ ਬਦਲ ਚੁੱਕਿਆ ਹੈ ਅਤੇ ਇਸ ਦੀ ਜਗ੍ਹਾ ਤੇ ਵੀ ਵਿਵਾਦ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ 4 ਦੁਕਾਨਾਂ ਅਤੇ ਸ਼ਾਹਦਰਾ ਤਹਿਸੀਲ ਦੇ ਪਿੰਡ ਰਾਣਾ ਭੱਟੀ ਵਿਚ 20 ਏਕੜ ਜ਼ਮੀਨ ਸੀ। ਇਸ ਅਸਥਾਨ ਦੀ ਵੀਡੀਓ ਵੇਖਣ ਲਈ ਇਸ ਲਿੰਕ ਤੇ ਜਾਓ: https://bit.ly/4i5EEwa




## ਸ੍ਰੀ ਗੁਰੂ ਅਰਜਨ ਸਾਹਿਬ ਜੀ

10. **ਗੁਰਦੁਆਰਾ ਦੀਵਾਨਖ਼ਾਨਾ, ਪਾਤਸ਼ਾਹੀ ਪੰਜਵੀਂ** (31°35'06.2"N 74°19'15.0"E) : ਇਹ ਗੁਰਦੁਆਰਾ, ਗੁਰਦੁਆਰਾ ਜਨਮ ਅਸਥਾਨ ਪਾਤਸ਼ਾਹੀ ਚੌਥੀ ਦੇ ਲਹਿੰਦੇ ਪਾਸੇ ਅਤੇ ਗੁਰਦੁਆਰਾ ਧਰਮਸਾਲ ਪਾਤਸ਼ਾਹੀ ਚੌਥੀ ਦੇ ਉੱਤਰ ਵਾਲੇ ਪਾਸੇ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਇੱਥੇ ਕੁਝ ਮਹੀਨੇ ਰੁਕੇ ਅਤੇ ਉਨ੍ਹਾਂ ਵੱਲੋਂ ਦੀਵਾਨ ਸਜਾਏ ਗਏ। 1930 ਤੱਕ, ਇਸ ਗੁਰਦੁਆਰਾ ਸਾਹਿਬ ਨੂੰ ਗੁਰਦੁਆਰਾ ਧਰਮਸਾਲ ਪਾਤਸ਼ਾਹੀ ਚੌਥੀ ਦੇ ਨਾਲ ਮਿਲਾ ਦਿੱਤਾ ਗਿਆ ਸੀ। 1930ਵਿਆਂ ਵਿੱਚ ਲਾਹੌਰ ਇਸਤਰੀ ਸਭਾ ਦੀਆਂ ਬੀਬੀਆਂ ਇੱਥੇ ਜੁੜ ਬੈਠਦੀਆਂ ਸਨ। ਇਹ ਅਸਥਾਨ ਹੁਣ ਖੰਡਰ ਬਣ ਚੁੱਕਿਆ ਹੈ ਅਤੇ ਇਸ ਜ਼ਮੀਨ ਨੂੰ ਲੈਕੇ ਵੀ ਵਿਵਾਦ ਚੱਲ ਰਿਹਾ ਹੈ। ਇਸ ਗੁਰਦੁਆਰਾ ਸਾਹਿਬ ਨਾਲ 4 ਦੁਕਾਨਾਂ ਲੱਗਦੀਆਂ ਸਨ ਅਤੇ ਤਹਿਸੀਲ ਸ਼ਾਹਦਰਾ ਦੇ ਪਿੰਡ ਰਾਣਾ ਭੱਟੀ ਵਿਚ ਤਕਰੀਬਨ 20 ਏਕੜ ਜ਼ਮੀਨ ਇਸ ਅਸਥਾਨ ਦੇ ਨਾਮ ਲੱਗੀ ਹੋਈ ਸੀ। ਇਸ ਅਸਥਾਨ ਦੀ ਵੀਡੀਓ ਵੇਖਣ ਲਈ ਇਸ ਲਿੰਕ ਤੇ ਜਾਓ: https://bit.ly/4i5EEwa



11. **ਗੁਰਦੁਆਰਾ ਬਾਉਲੀ ਸਾਹਿਬ ਪਾਤਸ਼ਾਹੀ ਪੰਜਵੀਂ** (31°34'59.0"N 74°19'09.9"E) : ਇਹ ਗੁਰਦੁਆਰਾ ਸਾਹਿਬ ਸੁਨਹਿਰੀ ਮਸੀਤ ਦੇ ਪਿਛਲੇ ਪਾਸੇ ਹੈ। ਰੰਗ ਮਹਿਲ ਵੱਲ ਜਾਂਦੀ ਸੜਕ ਤੇ ਡੱਬੀ ਬਾਜ਼ਾਰ ਅਤੇ ਕਸ਼ਮੀਰੀ ਬਾਜ਼ਾਰ ਜਿੱਥੇ ਮਿਲਦੇ ਹਨ, ਉਸ ਆਸਥਾਨ ਤੇ ਇਸ ਦੇ ਅੰਦਰ ਜਾਣ ਲਈ ਦਰਵਾਜ਼ਾ ਹੈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਲਾਹੌਰ ਛੱਡ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਵੇਲੇ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਸੀ। ਉਨ੍ਹਾਂ ਨੇ ਇੱਥੇ ਇੱਕ ਬਾਉਲੀ ਅਤੇ ਲੰਗਰਖ਼ਾਨਾ ਬਣਵਾਇਆ। 1884 ਤੱਕ, ਇਹ ਲਾਹੌਰ ਦਾ ਸਭ ਤੋਂ ਵੱਡਾ ਗੁਰਦੁਆਰਾ ਹੁੰਦਾ ਸੀ। ਵੰਡ ਤੋਂ ਬਾਅਦ ਇਸ 1960 ਦੇ ਨੇੜੇ ਇਸ ਬਾਉਲੀ ਨੂੰ ਭਰ ਦਿੱਤਾ ਗਿਆ ਸੀ। ਅੱਜ ਇਕ ਦਰਵਾਜ਼ੇ ਤੋਂ ਅਲਾਵਾ ਇਸ ਦੀ ਕੋਈ ਵੀ ਨਿਸ਼ਾਨੀ ਮੌਜੂਦ ਨਹੀਂ ਹੈ। 1947 ਤੱਕ ਇਸ ਗੁਰਦੁਆਰਾ ਸ਼ੈਬ ਦੇ ਨਾਮ 112 ਦੁਕਾਨਾਂ ਸਨ। ਇਸ ਅਸਥਾਨ ਦੀ ਵੀਡੀਓ ਵੇਖਣ ਲਈ ਇਸ ਲਿੰਕ ਤੇ ਜਾਓ: https://bit.ly/4jhZeua



12. **ਗੁਰਦੁਆਰਾ ਲਾਲ ਖੂਹ, ਪਾਤਸ਼ਾਹੀ ਪੰਜਵੀਂ** (31°34'41.4"N 74°19'20.1"E) : ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਸੰਨ 1606 ਵਿਚ ਇਸ ਅਸਥਾਨ ਤੇ ਦੀਵਾਨ ਚੰਦੂ ਸ਼ਾਹ ਵੱਲੋਂ ਤਸੀਹੇ ਦਿੱਤੇ ਗਏ। ਇਸੇ ਅਸਥਾਨ ਤੇ ਪਾਤਸ਼ਾਹ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ, ਸਿਰ ਤੇ ਗਰਮ ਰੇਤ ਪਾਈ ਗਈ ਅਤੇ ਗਰਮ ਪਾਣੀ ਵਿੱਚ ਉਬਾਲਿਆ ਗਿਆ ਸੀ। ਇਹ ਗੁਰਦੁਆਰਾ ਸਾਹਿਬ ਮੋਚੀ ਦਰਵਾਜ਼ੇ ਦੇ ਅੰਦਰ ਹੁੰਦਾ ਸੀ। ਇਹ ਉਸ ਖੂਹ ਦੇ ਅਸਥਾਨ ਤੇ ਬਣਿਆ ਹੋਇਆ ਸੀ ਜਿੱਥੇ ਗੁਰੂ ਸਾਹਿਬ ਨੇ ਇਸ਼ਨਾਨ ਕੀਤਾ ਸੀ। ਲਾਲ ਖੂਹ ਤੋਂ ਅੱਗੇ ਦੀਵਾਨ ਚੰਦੂ ਸ਼ਾਹ ਦੀ ਹਵੇਲੀ ਸੀ, ਜੋ ਕਿ ਖੂਹ ਤੋਂ ਦੱਖਣ ਪੱਛਮ ਵਾਲੇ ਪਾਸੇ ਸੜਕ ਤੇ ਉਸੇ ਪਾਸੇ ਹੀ ਹੈ, ਜਿਸ ਪਾਸੇ ਖੂਹ ਹੈ। ਵੰਡ ਤੋਂ ਪਹਿਲਾਂ ਇਸ ਅਸਥਾਨ ਦੇ ਨਾਮ ਇਕ ਦੁਕਾਨ, ਆਲੇ ਦੁਆਲੇ ਦੀ 1.25 ਏਕੜ ਜ਼ਮੀਨ, ਅਤੇ ਲਾਹੌਰ ਤਹਿਸੀਲ ਦੇ ਹੀ ਪਿੰਡ ਖੋਖਰ ਦੀ 3 ਏਕੜ ਜ਼ਮੀਨ ਹੁੰਦੀ ਸੀ।



13. **ਗੁਰਦੁਆਰਾ ਡੇਰਾ ਸਾਹਿਬ, ਸ਼ਹੀਦੀ ਅਸਥਾਨ ਪਾਤਸ਼ਾਹੀ ਪੰਜਵੀਂ** (31°35'23.3"N, 74°18'42.5"E) : ਜਹਾਂਗੀਰ ਦੇ ਹੁਕਮ 'ਤੇ ਚੰਦੂ ਸ਼ਾਹ ਵੱਲੋਂ ਲਾਲ ਖੂਹ (ਲਾਹੌਰ ਦੇ ਮੋਚੀ ਗੇਟ ਦੇ ਅੰਦਰ) ਵਿਖੇ ਕੈਦ ਕਰਨ ਅਤੇ ਤਸੀਹੇ ਦਿੱਤੇ ਜਾਣ ਤੋਂ ਬਾਅਦ, ਸ੍ਰੀ ਗੁਰੂ ਅਰਜਨ ਸਾਹਿਬ ਜੀ 1606 ਵਿੱਚ ਇੱਥੇ ਜੋਤੀ-ਜੋਤਿ ਸਮਾਏ ਸਨ। ਗੁਰੂ ਸਾਹਿਬ ਦੇ ਸਮੇਂ ਦੀ ਬਾਉਲੀ ਅਜੇ ਵੀ ਇੱਥੇ ਮੌਜੂਦ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1619 ਵਿੱਚ ਇੱਥੇ ਚਰਨ ਪਾਏ ਸਨ ਅਤੇ ਇਸ ਅਸਥਾਨ ਦੀ ਉਸਾਰੀ ਦਾ ਹੁਕਮ ਦਿੱਤਾ ਸੀ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ ਪਿੰਡ ਨੰਦੀਪੁਰ (ਤਹਿਸੀਲ ਡਸਕਾ) ਵਿੱਚ ਲਗਭਗ 150 ਏਕੜ ਜ਼ਮੀਨ ਅਤੇ ਚੂਨਾ ਮੰਡੀ ਵਿੱਚ ਇੱਕ ਮਕਾਨ ਲੱਗਿਆ ਹੋਇਆ ਸੀ। ਇਸ ਅਸਥਾਨ ਦੀ ਵੀਡੀਓ ਇਸ ਲਿੰਕ ਤੇ ਵੇਖੋ: https://bit.ly/4i0aiLC





## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

14. **ਗੁਰਦੁਆਰਾ ਚੁਮਾਲਾ ਸਾਹਿਬ ਪਾਤਸ਼ਾਹੀ ਛੇਵੀਂ** (31°34'50.7"N, 74°18'30.3"E) : ਭਾਈ ਜਿਉਣ ਜੀ ਦੇ ਸੱਦੇ ਤੇ ਭਾਟੀ ਦਰਵਾਜ਼ੇ ਦੇ ਅੰਦਰ ਮੁਹੱਲਾ ਚੁਮਾਲਾ ਵਿਚ ਗੁਰਦੁਆਰਾ ਗਲੀ ਦੇ ਅੰਦਰ ਇਸ ਅਸਥਾਨ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਨ 1612 ਵਿਚ ਆਏ ਅਤੇ ਇੱਥੇ ਤਿੰਨ ਮਹੀਨੇ ਰਹੇ ਸਨ। ਇਸ ਤੋਂ ਬਾਅਦ ਪਾਤਸ਼ਾਹ ਇੱਥੇ ਕਈ ਵਾਰੀ ਆਏ, ਇਸ ਇਮਾਰਤ ਦੀ ਮੁੜ ਉਸਾਰੀ ਸੰਨ 1921 ਵਿਚ ਹੋਈ ਸੀ। ਇੱਥੇ ਗੁਰੂ ਸਾਹਿਬ ਦੇ ਵੇਲੇ ਦਾ ਹੀ ਇਕ ਬੇਰੀ ਦਾ ਰੁੱਖ ਵੀ ਹੁੰਦਾ ਸੀ। ਸਿੱਖ ਪੰਥ ਵੱਲੋਂ ਮਹੰਤਾਂ ਤੋਂ ਸਭ ਤੋਂ ਪਹਿਲਾਂ ਇਹੀ ਗੁਰਦੁਆਰਾ ਸਾਹਿਬ ਆਜ਼ਾਦ ਕਰਾਇਆ ਗਿਆ ਸੀ। 13 ਅਗਸਤ, 1947, ਨੂੰ ਇੱਥੇ





ਸਿੱਖਾਂ ਦਾ ਵੱਡਾ ਕਤਲੇਆਮ ਹੋਇਆ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਅੱਗ ਲਾ ਦਿੱਤੀ ਗਈ। ਇਸ ਵੇਲੇ ਇੱਥੇ ਇਕ ਮਕਾਨ ਬਣਿਆ ਹੋਇਆ ਹੈ। ਵੰਡ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਨਾਮ ਨੌਂ ਦੁਕਾਨਾਂ, ਇਕ ਮਕਾਨ ਅਤੇ ਪਿੰਡ ਖੁਰਦਪੁਰ (ਲਾਹੌਰ ਤਹਿਸੀਲ) ਦੀ 90 ਏਕੜ ਜ਼ਮੀਨ ਸੀ। ਇਸ ਅਸਥਾਨ ਦੀ ਵੀਡੀਓ ਇਸ ਲਿੰਕ ਤੇ ਵੇਖੋ: https://bit.ly/4lfYkQM

15. **ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਛੇਵੀਂ** (31°34'42.5"N 74°18'32.7"E) : ਇਹ ਗੁਰਦੁਆਰਾ ਭਾਟੀ ਦਰਵਾਜ਼ੇ ਦੇ ਬਿਲਕੁਲ ਬਾਹਰ ਹੁੰਦਾ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1621 ਵਿੱਚ ਕੁਝ ਹਫ਼ਤਿਆਂ ਲਈ ਇੱਥੇ ਰੁਕੇ ਸਨ। ਬੀਬੀ ਕੌਲਾਂ ਜੀ ਨੂੰ ਇੱਥੇ ਕੈਦ ਤੋਂ ਮੁਕਤ ਕਰਵਾਉਣ ਤੋਂ ਬਾਅਦ, ਪਾਤਸ਼ਾਹ ਉਨ੍ਹਾਂ ਨੂੰ ਇੱਥੋਂ ਪਿੰਡ ਗੁਰੂ ਮਾਂਗਟ ਲੈ ਗਏ ਅਤੇ ਫਿਰ ਅੱਗੇ ਅੰਮ੍ਰਿਤਸਰ ਲੈ ਗਏ। ਹੁਣ ਇਸ ਜਗ੍ਹਾ 'ਤੇ ਇੱਕ ਮਕਾਨ ਬਣ ਚੁੱਕਾ ਇਸ ਅਸਥਾਨ ਦੀ ਵੀਡੀਓ ਇਸ ਲਿੰਕ ਤੇ ਵੇਖੋ: https://bit.ly/4i7LLUV



16. **ਗੁਰਦੁਆਰਾ ਪਾਤਸ਼ਾਹੀ ਛੇਵੀਂ, ਮੋਜ਼ੰਗ** (31°33'19.6"N, 74°18'57.8"E) : ਮੋਜ਼ੰਗ ਵਿੱਚ ਟੈਂਪਲ ਰੋਡ 'ਤੇ ਸਥਿਤ ਇਹ ਗੁਰਦੁਆਰਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ 1619 ਦੀ ਫ਼ੇਰੀ ਦੀ ਯਾਦਗਾਰ ਹੈ, ਜੋ ਇੱਥੇ ਕੁਝ ਮਹੀਨਿਆਂ ਲਈ



ਰੁਕੇ ਸਨ। ਇਸੇ ਫ਼ੇਰੀ ਦੌਰਾਨ, ਉਹਨਾਂ ਨੇ ਗੁਰਦੁਆਰਾ ਡੇਰਾ ਸਾਹਿਬ, ਪਾਤਸ਼ਾਹੀ ਪੰਜਵੀਂ ਦੀ ਉਸਾਰੀ ਦਾ ਹੁਕਮ ਦਿੱਤਾ ਸੀ। 12 ਅਗਸਤ, 1947 ਨੂੰ ਦੰਗਾਈਆਂ ਨੇ ਇਸ ਅਸਥਾਨ 'ਤੇ ਹਮਲਾ ਕਰਕੇ ਇੱਥੇ ਮੌਜੂਦ ਸਾਰੇ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ ਬਾਜ਼ਾਰ ਵਿੱਚ ਲਗਭਗ 20 ਦੁਕਾਨਾਂ ਲੱਗੀਆਂ ਹੋਈਆਂ ਸਨ। ਇਸ ਅਸਥਾਨ ਦੀ ਵੀਡੀਓ ਇਸ ਲਿੰਕ ਤੇ ਵੇਖੋ: https://bit.ly/4jiMaF2

17. **ਗੁਰਦੁਆਰਾ ਸ਼ਿਕਾਰਗੜ੍ਹ ਸਾਹਿਬ, ਪਾਤਸ਼ਾਹੀ ਛੇਵੀਂ** (31°33'02.8"N, 74°19'09.8"E) : ਇਹ ਉਹ ਜਗ੍ਹਾ ਹੈ ਜਿੱਥੇ



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਦੁਆਰਾ ਮੋਜ਼ੰਗ ਪਾਤਸ਼ਾਹੀ ਛੇਵੀਂ ਦੀ ਫੇਰੀ ਦੌਰਾਨ ਰੁਕੇ ਸਨ। ਇਹ ਲਖਪਤ ਰਾਏ ਦੁਆਰਾ ਬਣਵਾਏ ਗਏ ਸੂਕਾ ਤਾਲਾਬ ਦੇ ਬਿਲਕੁਲ ਨਾਲ ਹੈ। ਗੁਰਦੁਆਰਾ ਹੁਣ ਢਾਹ ਦਿੱਤਾ ਗਿਆ ਹੈ, ਪਰ ਇਸ ਦੇ ਨਾਲ ਲੱਗਦੀ ਸੜਕ ਅਜੇ ਵੀ ਗੁਰਦੁਆਰਾ ਰੋਡ ਵਜੋਂ ਜਾਣੀ ਜਾਂਦੀ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ ਲਗਭਗ 1.25 ਏਕੜ ਜ਼ਮੀਨ, 10 ਦੁਕਾਨਾਂ ਅਤੇ ਸੱਤ ਮਕਾਨ ਲੱਗੇ ਹੋਏ ਸਨ। ਇਸ ਅਸਥਾਨ ਦੀ ਵੀਡੀਓ ਇਸ ਲਿੰਕ ਤੇ ਵੇਖੋ: https://bit.ly/4i3QZRB


18. **ਗੁਰਦੁਆਰਾ ਪਾਤਸ਼ਾਹੀ ਛੇਵੀਂ, ਗੁਰੂ ਮਾਂਗਟ** (31°30'32.3"N, 74°21'14.1"E) : ਬੀਬੀ ਕੌਲਾਂ ਜੀ ਦੇ ਨਾਲ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਦੁਆਰਾ ਪਾਤਸ਼ਾਹੀ ਛੇਵੀਂ, ਮੋਜ਼ੰਗ ਦੇ ਅਸਥਾਨ ਤੋਂ ਚੱਲ ਕੇ ਮਾਂਗਟ ਪਿੰਡ ਆਏ ਸਨ। ਇੱਥੇ ਉਨ੍ਹਾਂ ਦੀ ਮੁਲਾਕਾਤ ਸਾਈਂ ਮੀਆਂ ਮੀਰ ਜੀ ਨਾਲ ਹੋਈ ਸੀ। ਇੱਥੇ ਇੱਕ ਬਾਉਲੀ ਵੀ ਹੁੰਦੀ ਸੀ। ਹੁਣ ਇਸ ਜਗ੍ਹਾ 'ਤੇ ਇੱਕ ਮਸਜਿਦ ਦਾ ਬਗੀਚਾ ਬਣਿਆ ਹੋਇਆ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ ਲਗਭਗ 15 ਏਕੜ ਜ਼ਮੀਨ ਲੱਗੀ ਹੋਈ ਸੀ। ਇਸ ਅਸਥਾਨ ਦੀ ਵੀਡੀਓ ਇਸ ਲਿੰਕ ਤੇ ਵੇਖੋ: https://bit.ly/3Ry2nKC




19. **ਗੁਰਦੁਆਰਾ ਪਾਤਸ਼ਾਹੀ ਛੇਵੀਂ, ਪਿੰਡ ਅਮਰ ਸਿੱਧੂ** (31°27'56.3"N 74°21'32.2"E) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਬੀਬੀ ਕੌਲਾਂ ਜੀ ਦੇ ਨਾਲ ਗੁਰਦੁਆਰਾ ਗੁਰੂ ਮਾਂਗਟ ਪਾਤਸ਼ਾਹੀ ਛੇਵੀਂ ਤੋਂ ਇੱਥੇ ਆਏ ਸਨ ਅਤੇ ਉਹਨਾਂ ਨੇ ਇੱਥੇ ਚਰਨ ਪਾਏ (ਰੁਕੇ) ਸਨ। ਇਹ ਜਗ੍ਹਾ ਚੁੰਗੀ ਅਮਰ ਸਿੱਧੂ ਦੇ ਨੇੜੇ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ 2 ਏਕੜ ਜ਼ਮੀਨ ਲੱਗੀ ਹੋਈ ਸੀ। ਇਸ ਅਸਥਾਨ ਦੀ ਵੀਡੀਓ ਇਸ ਲਿੰਕ ਤੇ ਵੇਖੋ: https://bit.ly/4jh4A93



20. **ਗੁਰਦੁਆਰਾ ਪਾਤਸ਼ਾਹੀ ਛੇਵੀਂ, ਪਿੰਡ ਝੱਲੀਆਂ** (31°28'28.7"N 74°33'57.7"E) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਦੁਆਰਾ ਗੁਰੂ ਮਾਂਗਟ ਪਾਤਸ਼ਾਹੀ ਛੇਵੀਂ ਤੋਂ ਇੱਥੇ ਆਏ ਸਨ ਅਤੇ ਝੱਲੀ ਪਿੰਡ ਵਿੱਚ ਕੁਝ ਸਮੇਂ ਲਈ ਰੁਕੇ ਸਨ। ਹੁਣ ਇਸ ਜਗ੍ਹਾ 'ਤੇ ਇੱਕ ਸਕੂਲ ਅਤੇ ਇੱਕ ਮਕਬਰਾ (ਸਮਾਧ/ਕਬਰ) ਬਣਿਆ ਹੋਇਆ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰੇ ਨਾਲ ਇੱਕ ਜਗੀਰ (ਜ਼ਮੀਨ) ਲੱਗੀ ਹੋਈ ਸੀ। ਇਸ ਅਸਥਾਨ ਦੀ ਵੀਡੀਓ ਇਸ ਲਿੰਕ ਤੇ ਵੇਖੋ: https://bit.ly/3E4M19k



21. **ਗੁਰਦੁਆਰਾ ਪਾਤਸ਼ਾਹੀ ਛੇਵੀਂ, ਹੁਡਿਆਰਾ** (31°26'40.9"N, 74°33'57.7"E) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਦੁਆਰਾ ਪਾਤਸ਼ਾਹੀ ਛੇਵੀਂ, ਪਿੰਡ ਝੱਲੀਆਂ ਤੋਂ ਹੁਡਿਆਰਾ ਪਿੰਡ ਆਏ ਸਨ ਅਤੇ ਉਨ੍ਹਾਂ ਨੇ ਇੱਥੇ ਰਾਤ ਕੱਟੀ ਸੀ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਅੰਦਰ ਅਜੇ ਵੀ ਬਹੁਤ ਸੋਹਣੀ ਚਿੱਤਰਕਾਰੀ (ਫ੍ਰੈਸਕੋ) ਮੌਜੂਦ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/43Fkci9



22. **ਗੁਰਦੁਆਰਾ ਪਾਤਸ਼ਾਹੀ ਛੇਵੀਂ, ਪਢਾਣਾ** (31°28'20.1"N 74°37'18.1"E) : ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਆਉਂਦੇ ਹੋਏ ਪਢਾਣਾ ਪਿੰਡ ਵਿੱਚ ਰੁਕੇ ਸਨ। ਇਸ ਪਿੰਡ ਵਿੱਚ ਪਾਤਸ਼ਾਹ ਦੀ ਯਾਦ ਵਿੱਚ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ ਸੀ। ਗੁਰਦੁਆਰਾ ਸਾਹਿਬ ਦੀ ਇਹ ਇਮਾਰਤ ਅਜੇ ਵੀ ਮੌਜੂਦ ਹੈ।



23. **ਗੁਰਦੁਆਰਾ ਪਾਤਸ਼ਾਹੀ ਛੇਵੀਂ, ਰਾਮਪੁਰਾ ਖ਼ੁਰਦ** (31°26'00.4"N 74°36'15.6"E) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਰਾਮਪੁਰਾ ਖ਼ੁਰਦ ਪਿੰਡ ਵਿੱਚ ਕੁਝ ਸਮੇਂ ਲਈ ਰੁਕੇ ਸਨ ਅਤੇ ਉਨ੍ਹਾਂ ਦੀ ਯਾਦ ਵਿੱਚ ਇਸ ਅਸਥਾਨ ਦੀ ਉਸਾਰੀ ਕੀਤੀ ਗਈ ਸੀ। ਇਹ ਪਿੰਡ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚਕਾਰ ਸਰਹੱਦ ਤੋਂ ਥੋੜ੍ਹਾ ਜਿਹਾ ਲਹਿੰਦੇ ਵਾਲੇ ਪਾਸੇ ਪੈਂਦਾ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ 20 ਏਕੜ ਜ਼ਮੀਨ ਲੱਗੀ ਹੋਈ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/4jiMTGg



24. **ਗੁਰਦੁਆਰਾ ਪਾਤਸ਼ਾਹੀ ਛੇਵੀਂ, ਰਾਮਪੁਰਾ ਕਲਾਂ** (31°35'40.6"N 74°29'04.6"E) : ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੁਝ ਸਮੇਂ ਲਈ ਪਿੰਡ ਰਾਮਪੁਰਾ ਕਲਾਂ ਵਿਚ ਵੀ ਰੁਕੇ ਸਨ ਅਤੇ ਇੱਥੇ ਵੀ ਪਾਤਸ਼ਾਹ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ ਸੀ। ਇਹ ਅਸਥਾਨ ਵਾਘੇ ਤੋਂ ਲਾਹੌਰ ਵੱਲ ਜਾਂਦਿਆਂ ਜੀਟੀ ਰੋਡ ਤੋਂ ਥੋੜ੍ਹਾ ਜਿਹਾ ਦੱਖਣ ਵਾਲੇ ਪਾਸੇ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://youtu.be/6FdlFGORfdo



## ਗੁਰੂ ਕਾਲ ਦੇ ਗੁਰਸਿੱਖਾਂ ਨਾਲ ਜੁੜੇ ਅਸਥਾਨ

25. **ਗੁਰਦੁਆਰਾ ਬੁੱਧੂ ਦਾ ਆਵਾ** (31°34'35.9"N 74°21'07.0"E) : ਇਹ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਦੀ ਦੇ ਸਿੱਖ ਭਾਈ ਬੁੱਧੂ ਜੀ ਦੀ ਯਾਦ ਵਿੱਚ ਬਣਾਇਆ ਗਿਆ ਸੀ। ਇਸ ਗੁਰਦੁਆਰਾ ਸਾਹਿਬ ਦੀ ਜ਼ਮੀਨ ਤੇ ਹੀ ਬਾਅਦ ਵਿੱਚ ਸਿੱਖ ਨੈਸ਼ਨਲ ਕਾਲਜ ਬਣਾਇਆ ਗਿਆ। 1938 ਵਿਚ, ਜਦੋਂ ਕਾਲਜ ਦੀ ਇਮਾਰਤ ਦੀ ਉਸਾਰੀ ਕੀਤੀ ਗਈ, ਉਸ ਵੇਲੇ ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ ਵੀ ਢਾਹ ਦਿੱਤੀ ਗਈ ਅਤੇ ਨਵੀਂ ਇਮਾਰਤ ਬਣਾਈ ਗਈ ਸੀ। ਅੱਜ ਇਹ ਇਮਾਰਤ ਜੀਟੀ ਰੋਡ ਤੇ ਯੂਨੀਵਰਸਿਟੀ ਆਫ਼ ਇੰਜੀਨਰਿੰਗ ਐਂਡ ਟੈਕਨੋਲੋਜੀ ਦੇ ਕੈਂਪਸ ਦੇ ਵਿੱਚ ਹੈ ਅਤੇ ਇਸ ਵੇਲੇ ਬੱਚਿਆਂ ਦੇ ਸਕੂਲ ਵੱਜੋਂ ਵਰਤਿਆ ਜਾ ਰਿਹਾ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/3XLGFqd



26. **ਜਨਮ ਅਸਥਾਨ ਭਾਈ ਦਇਆ ਸਿੰਘ ਜੀ** (31°35'13.0"N, 74°19'10.5"E) : ਪੰਜ ਪਿਆਰਿਆਂ ਵਿੱਚੋਂ ਪਹਿਲੇ, ਭਾਈ ਦਇਆ ਸਿੰਘ ਜੀ ਦਾ ਜਨਮ 1661 ਵਿੱਚ ਲਾਹੌਰ ਸ਼ਹਿਰ ਦੇ ਮਹੱਲੇ ਕੂਚਾ ਸੋਫ਼ਤੀ ਵਿੱਚ ਹੋਇਆ ਸੀ, ਜਿਸ ਨੂੰ ਹੁਣ ਕੱਤਰੀ ਬਾਵਾ ਵਜੋਂ ਜਾਣਿਆ ਜਾਂਦਾ ਹੈ। ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਿੱਖ ਸਨ ਅਤੇ 1699 ਦੀ ਇਤਿਹਾਸਕ ਵਿਸਾਖੀ ਨੂੰ ਅੰਮ੍ਰਿਤ ਸੰਚਾਰ ਵੇਲੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਹੀ ਸ਼ੀਸ਼ ਭੇਟ ਕੀਤਾ ਸੀ। ਭਾਈ ਮਰਦਾਨਾ ਜੀ ਦੇ ਵਾਰਿਸ ਹੁਣ ਇਸੇ ਮੁਹੱਲੇ ਵਿੱਚ ਰਹਿੰਦੇ ਹਨ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/4lwBt3I



27. **ਗੁਰਦੁਆਰਾ ਬਾਬਾ ਬਾਲੂ ਹਸਨਾ, ਮਨਹਾਲਾ** (31°31'36.6"N 74°32'34.6"E) : ਇਹ ਗੁਰਦੁਆਰਾ ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿੱਖ ਬਾਬਾ ਬਾਲੂ ਹਸਨਾ ਦੀ ਯਾਦ ਵਿੱਚ ਬਣਾਇਆ ਗਿਆ ਸੀ। ਗੁਰਦੁਆਰਾ ਸਾਹਿਬ ਦਾ ਬਹੁਤਾ ਹਿੱਸਾ ਅਤੇ ਸਰੋਵਰ ਇਸ ਵੇਲੇ ਖ਼ਤਮ ਹੋ ਚੁੱਕਿਆ ਹੈ, ਸਿਰਫ਼ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਕੁਝ ਕੁ ਹਿੱਸਾ ਮੌਜੂਦ ਹੈ। ਵੰਡ ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ ਇਕ ਜਾਗੀਰ ਲੱਗੀ ਹੋਈ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/4coj1WK




## ਮਿਸਲ ਕਾਲ ਦੇ ਸ਼ਹੀਦ


28. **ਗੁਰਦੁਆਰਾ ਸ਼ਹੀਦਗੰਜ ਸਿੰਘ ਸਿੰਘਣੀਆਂ** (31°34'42.8"N 74°19'55.4"E) : ਇਹ ਅਸਥਾਨ ਨੌਲੱਖਾ ਬਾਜ਼ਾਰ ਵਿਚ ਹੈ। 1748 ਤੋਂ ਬਾਅਦ ਇਸ ਅਸਥਾਨ ਤੇ ਮੀਰ ਮੰਨੂ ਵੱਲੋਂ ਸਿੰਘਾਂ ਅਤੇ ਸਿੰਘਣੀਆਂ ਤੇ ਤਸ਼ਦੱਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ। ਮੀਰ ਮੰਨੂ ਦੇ ਜ਼ੁਲਮਾਂ ਬਾਰੇ ਜੋ ਅਸੀਂ ਪੜ੍ਹਦੇ ਹਾਂ ਕਿ ਉਸ ਨੇ ਸਿੱਖ ਬੱਚਿਆਂ ਦੇ ਟੋਟੇ ਕਰਕੇ, ਉਨ੍ਹਾਂ ਟੋਟਿਆਂ ਦੇ ਹਾਰ ਸਿੱਖ ਮਾਵਾਂ ਦੇ ਗਲਾਂ ਵਿੱਚ ਪਾਏ ਸੀ, ਉਹ ਇਸ ਅਸਥਾਨ ਤੇ ਹੀ ਹੋਇਆ ਸੀ। ਇਸ ਜਗ੍ਹਾ ਤੇ ਇੱਕ ਖ਼ੂਹ ਅਤੇ ਇੱਕ ਕੋਠੜੀ ਹੁੰਦੀ ਸੀ। 1935 ਵਿਚ ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ ਦੀ ਥਾਂ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/43R4mBj



29. **ਗੁਰਦੁਆਰਾ ਸ਼ਹੀਦਗੰਜ ਭਾਈ ਮਨੀ ਸਿੰਘ ਜੀ** (31°35'13.2"N, 74°19'02.4"E) : ਲਾਹੌਰ ਕਿਲ੍ਹੇ ਦੇ ਮਸਤੀ ਗੇਟ ਦੇ ਸਾਹਮਣੇ ਸਥਿਤ ਇਸ ਅਸਥਾਨ 'ਤੇ, ਅੰਮ੍ਰਿਤਸਰ ਦੇ ਦਰਬਾਰ ਸਾਹਿਬ ਦੇ ਗ੍ਰੰਥੀ, ਭਾਈ ਮਨੀ ਸਿੰਘ ਜੀ ਨੂੰ 1737 ਵਿੱਚ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਇਸ ਇਮਾਰਤ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਇਹ ਹੁਣ ਦਿਨ ਦੇ ਸਮੇਂ ਆਮ ਲੋਕਾਂ ਲਈ ਖੁੱਲ੍ਹੀ ਰਹਿੰਦੀ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰੇ ਨਾਲ ਚੂਨਾ ਮੰਡੀ ਵਿੱਚ ਇੱਕ ਦੁਕਾਨ ਲੱਗੀ ਹੋਈ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/4i5BF6N



30. **ਗੁਰਦੁਆਰਾ ਸ਼ਹੀਦਗੰਜ ਭਾਈ ਤਾਰੂ ਸਿੰਘ ਜੀ** (31°34'44.5"N, 74°19'54.9"E) : ਗੁਰਦੁਆਰਾ ਸ਼ਹੀਦਗੰਜ ਸਿੰਘ ਸਿੰਘਣੀਆਂ ਦੇ ਨੇੜੇ ਸਥਿਤ ਇਹ ਗੁਰਦੁਆਰਾ ਸਾਹਿਬ ਉਹ ਅਸਥਾਨ ਹੈ, ਜਿੱਥੇ 1745 ਵਿੱਚ ਜ਼ਕਰੀਆ ਖ਼ਾਨ ਦੇ ਹੁਕਮਾਂ 'ਤੇ ਭਾਈ ਤਾਰੂ ਸਿੰਘ ਜੀ ਦੀ ਖੋਪੜੀ ਉਤਾਰੀ ਗਈ ਸੀ। ਉਹ ਉਸ ਵੇਲੇ ਜਿਉਂਦੇ ਰਹੇ ਪਰ ਕੁਝ ਦਿਨਾਂ ਬਾਅਦ ਗੁਮਟੀ ਬਾਜ਼ਾਰ ਦੀ ਹਨੂਮਾਨ ਗਲੀ ਵਿੱਚ ਸਥਿਤ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਦੇ ਅਸਥਾਨ ਤੇ ਸ਼ਹੀਦ ਹੋ ਗਏ। ਉਨ੍ਹਾਂ ਦਾ ਸਸਕਾਰ ਵੀ ਇਸੇ ਅਸਥਾਨ 'ਤੇ ਕੀਤਾ ਗਿਆ ਸੀ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਦੇ ਨਾਮ ਬਾਜ਼ਾਰ ਵਿੱਚ ਕਈ ਦੁਕਾਨਾਂ, ਲਾਹੌਰ ਵਿੱਚ ਲਗਭਗ ਇੱਕ ਏਕੜ ਜ਼ਮੀਨ ਅਤੇ ਬੱਲਾ ਬਸਤੀਰਾਮ ਪਿੰਡ (ਤਹਿਸੀਲ ਲਾਹੌਰ) ਵਿੱਚ ਵੀ ਜ਼ਮੀਨ ਲੱਗੀ ਹੋਈ ਸੀ।



31. **ਗੁਰਦੁਆਰਾ ਸ਼ਹੀਦਗੰਜ ਭਾਈ ਤਾਰੂ ਸਿੰਘ ਜੀ** (31°34'55.1"N, 74°18'54.5"E): ਨੇੜੇ ਹੀ ਸਥਿਤ ਗੁਰਦੁਆਰਾ ਸ਼ਹੀਦਗੰਜ ਭਾਈ ਤਾਰੂ ਸਿੰਘ ਜੀ ਦੇ ਅਸਥਾਨ ਤੇ ਖੋਪੜੀ ਉਤਾਰੇ ਜਾਣ ਤੋਂ ਬਾਅਦ, ਭਾਈ ਤਾਰੂ ਸਿੰਘ ਜੀ ਇਸ ਅਸਥਾਨ ਤੇ ਸ਼ਹਾਦਤ ਪ੍ਰਾਪਤ ਕਰ ਗਏ। ਇਹ ਲਾਹੌਰ ਦੇ ਅੰਦਰੂਨ ਸ਼ਹਿਰ ਵਿੱਚ ਗੁਮਟੀ ਬਾਜ਼ਾਰ ਦੀ ਹਨੂਮਾਨ ਗਲੀ ਦੇ ਨੇੜੇ ਸਥਿਤ ਹੈ। ਅੱਜ ਇਸ ਗੁਰਦੁਆਰਾ ਸਾਹਿਬ ਦਾ ਕੇਵਲ ਦਰਵਾਜ਼ਾ ਹੀ ਬਚਿਆ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/3E8GqyN



32. **ਗੁਰਦੁਆਰਾ ਸ਼ਹੀਦਗੰਜ ਭਾਈ ਧਰਮ ਸਿੰਘ ਜੀ** (31°33'56.8"N 74°19'04.5"E) : ਡੱਲੇਵਾਲੀਆ ਮਿਸਲ ਦੇ ਭਾਈ ਧਰਮ ਸਿੰਘ 1740 ਦੇ ਦਹਾਕੇ ਦੇ ਅੱਧ ਵਿੱਚ ਮੀਰ ਮੰਨੂ ਦੀਆਂ ਫ਼ੌਜਾਂ ਵਿਰੁੱਧ ਲੜਦਿਆਂ ਸ਼ਹੀਦ ਹੋ ਗਏ ਸਨ। ਉਹਨਾਂ ਨੇ ਸੂਬੇਦਾਰ ਅਮੀਰ ਬੇਗ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਫਿਰ ਆਪ ਵੀ ਸ਼ਹੀਦੀ ਪ੍ਰਾਪਤ ਕਰ ਗਏ। ਉਹਨਾਂ ਦੀ ਯਾਦ ਵਿੱਚ ਇਹ ਗੁਰਦੁਆਰਾ ਸਾਹਿਬ ਬਣਾਇਆ ਗਿਆ ਸੀ। ਇਹ ਹੁਣ ਮਾਲ ਰੋਡ 'ਤੇ ਸਥਿਤ 'ਕੈਥੇਡ੍ਰਲ ਚਰਚ ਆਫ਼ ਦਿ ਰਿਜ਼ਰੈਕਸ਼ਨ' (Cathedral



Church of the Resurrection) ਕੰਪਲੈਕਸ ਦੇ ਪਿਛਲੇ ਪਾਸੇ ਸਥਿਤ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰੇ ਨਾਲ ਤਿੰਨ ਕਮਰੇ ਲੱਗੇ ਹੋਏ ਸਨ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/3R3jP9K

## ਸਰਕਾਰ ਏ ਖ਼ਾਲਸਾ ਨਾਲ ਜੁੜੇ ਅਸਥਾਨ

33. **ਸਮਾਧ ਸ਼ੇਰ ਏ ਪੰਜਾਬ ਸਰਕਾਰ ਰਣਜੀਤ ਸਿੰਘ, ਸਰਕਾਰ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਅਤੇ ਮਹਾਰਾਣੀ ਜਿੰਦ ਕੌਰ** (31°35'21.4"N 74°18'41.3"E) : ਸ਼ੇਰ ਏ ਪੰਜਾਬ ਸਰਕਾਰ ਰਣਜੀਤ ਸਿੰਘ ਜੀ ਦਾ ਸਸਕਾਰ 1839 ਵਿੱਚ ਇੱਥੇ ਕੀਤਾ ਗਿਆ ਸੀ। ਉਹਨਾਂ ਦੀ ਸਮਾਧ 1839 ਅਤੇ 1849 ਦੇ ਦਰਮਿਆਨ ਬਣਵਾਈ ਗਈ ਸੀ। ਇਸ ਦੇ ਪਿੱਛੇ ਮਹਾਰਾਜਾ ਖੜਕ ਸਿੰਘ, ਕੰਵਰ ਨੌਨਿਹਾਲ ਸਿੰਘ ਅਤੇ ਮਹਾਰਾਣੀ ਜਿੰਦ ਕੌਰ ਦੀਆਂ ਸਮਾਧਾਂ ਹਨ। ਮਹਾਰਾਜਾ ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਦੀਆਂ ਸਮਾਧਾਂ 'ਤੇ ਇੱਕ ਵੀਡੀਓ ਇਸ ਲਿੰਕ 'ਤੇ ਦੇਖੀ ਜਾ ਸਕਦੀ ਹੈ: https://bit.ly/4j5K8Z9। ਮਹਾਰਾਣੀ ਜਿੰਦ ਕੌਰ ਦੀ ਹੁਣ ਢਾਹੀ ਜਾ ਚੁੱਕੀ ਸਮਾਧ 'ਤੇ ਇੱਕ ਵੀਡੀਓ ਇੱਥੇ ਹੈ: https://bit.ly/3E77oqt



34. **ਸਮਾਧ ਸਰਕਾਰ ਸ਼ੇਰ ਸਿੰਘ ਅਤੇ ਟਿੱਕਾ ਪ੍ਰਤਾਪ ਸਿੰਘ** (31°35'39.5"N 74°21'19.1"E) : ਸਰਕਾਰ ਸ਼ੇਰ ਸਿੰਘ ਨੂੰ ਸਤੰਬਰ 1843 ਵਿੱਚ ਇਸ ਅਸਥਾਨ ਤੇ ਸ਼ਾਹ ਬਿਲਾਵਲ ਬਾਰਾਂਦਰੀ ਵਿਖੇ ਸੰਧਾਵਾਲੀਏ ਸਰਦਾਰਾਂ ਦੁਆਰਾ ਕਤਲ ਕਰ ਦਿੱਤਾ ਗਿਆ ਸੀ। ਇਸ ਤੋਂ ਤੁਰੰਤ ਬਾਅਦ, ਉਨ੍ਹਾਂ ਨੇ ਸਰਕਾਰ ਦੇ ਛੋਟੇ ਪੁੱਤਰ ਟਿੱਕਾ ਪ੍ਰਤਾਪ ਸਿੰਘ ਨੂੰ ਵੀ ਮਾਰ ਦਿੱਤਾ। ਦੋਵਾਂ ਦਾ ਸਸਕਾਰ ਇੱਥੇ ਇੱਕਠਿਆਂ ਹੀ ਕੀਤਾ ਗਿਆ ਸੀ। ਇੱਥੇ ਉਨ੍ਹਾਂ ਦੀ ਸਮਾਧ ਅਜੇ ਵੀ ਮੌਜੂਦ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/3YcINan



35. **ਸਮਾਧ ਮਹਾਰਾਣੀ ਦਾਤਾਰ ਕੌਰ, ਰਾਣੀ ਸਾਹਿਬ ਕੌਰ ਅਤੇ ਰਾਣੀ ਚੰਦ ਕੌਰ** (31°34'21.7"N 74°18'09.6"E) : ਅਨਾਰਕਲੀ ਦੇ ਮਕਬਰੇ ਦੇ ਨੇੜੇ ਸਥਿਤ, ਇਸ ਅਸਥਾਨ 'ਤੇ ਰਾਣੀ ਦਾਤਾਰ ਕੌਰ (ਜਿਨ੍ਹਾਂ ਨੂੰ ਆਮ ਤੌਰ 'ਤੇ ਮਾਈ ਨਕੈਣ ਕਿਹਾ ਜਾਂਦਾ ਹੈ, ਸਰਕਾਰ ਰਣਜੀਤ ਸਿੰਘ ਦੀ ਪਤਨੀ, ਦੇਹਾਂਤ 1838), ਰਾਣੀ ਸਾਹਿਬ ਕੌਰ (ਕੰਵਰ ਨੌਨਿਹਾਲ ਸਿੰਘ ਦੀ ਪਤਨੀ, ਦੇਹਾਂਤ 1841) ਅਤੇ ਰਾਣੀ ਚੰਦ ਕੌਰ (ਸਰਕਾਰ ਖੜਕ ਸਿੰਘ ਦੀ ਪਤਨੀ, ਦੇਹਾਂਤ 1842) ਦੀਆਂ ਸਮਾਧਾਂ ਹਨ। ਇਹ ਜਗ੍ਹਾ ਹੁਣ ਸਰਕਾਰੀ ਇਸਲਾਮੀਆ ਕਾਲਜ, ਸਿਵਲ ਲਾਈਨਜ਼' ਦੇ ਅੰਦਰ ਸਥਿਤ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/3YkMfzR



36. **ਸ਼ਹਿਜ਼ਾਦੀ ਬੰਬਾ ਸਦਰਲੈਂਡ ਦੀ ਕਬਰ** (31°32'06.6"N 74°20'58.5"E) **:** ਸ਼ਹਿਜ਼ਾਦੀ ਬੰਬਾ ਸਦਰਲੈਂਡ ਮਹਾਰਾਜਾ ਦਲੀਪ ਸਿੰਘ ਦੀ ਸਭ ਤੋਂ ਵੱਡੀ ਧੀ ਸੀ। ਉਹਨਾਂ ਦਾ ਦੇਹਾਂਤ 1957 ਵਿੱਚ ਲਾਹੌਰ ਵਿਖੇ ਹੋਇਆ ਸੀ ਅਤੇ ਉਹਨਾਂ ਨੂੰ ਗੋਰਾ ਕਬਰਸਤਾਨ (Gora Cemetery) ਵਿੱਚ ਦਫ਼ਨਾਇਆ ਗਿਆ ਹੈ, ਜਿੱਥੇ ਇੱਕ ਸੰਗਮਰਮਰ ਦੀ ਤਖ਼ਤੀ ਉਹਨਾਂ ਦੀ ਕਬਰ ਦੀ ਨਿਸ਼ਾਨਦੇਹੀ ਕਰਦੀ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/4iVu247



**ਡੇਰੇ ਅਤੇ ਹੋਰ ਅਸਥਾਨ**

37. **ਗੁਰਦੁਆਰਾ ਬਾਬਾ ਜਮੈਤ ਸਿੰਘ** (31°22'12.5"N, 74°21'59.7"E) : ਲਾਹੌਰ ਤੋਂ ਕਸੂਰ ਦੇ ਰਸਤੇ 'ਤੇ ਕਾਹਨਾ ਪਿੰਡ ਵਿੱਚ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ 1885 ਵਿੱਚ ਇਸ ਇਲਾਕੇ ਦੇ ਕੂਕਾ ਸਿੱਖ ਆਗੂ ਬਾਬਾ ਜਮੈਤ ਸਿੰਘ ਜੀ ਦੀ ਯਾਦ ਵਿੱਚ ਕਰਵਾਈ ਗਈ ਸੀ। ਗੁਰਦੁਆਰੇ ਦੀ ਇਮਾਰਤ ਹੌਲੀ ਹੌਲੀ ਖੰਡਰ ਵਿੱਚ ਤਬਦੀਲ ਹੋ ਚੁੱਕੀ ਹੈ ਅਤੇ ਢਹਿਣ ਨੇੜੇ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰਾ ਸਾਹਿਬ ਨਾਲ 500 ਏਕੜ ਜ਼ਮੀਨ ਲੱਗੀ ਹੋਈ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/41YSZFV



38. **ਗੁਰਦੁਆਰਾ ਚੁਬੱਚਾ ਸਾਹਿਬ** (31°33'22.4"N, 74°22'00.1"E) : ਧਰਮਪੁਰਾ ਵਿੱਚ ਸਥਿਤ ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਸਭ ਤੋਂ ਵੱਡੇ ਪੁੱਤਰ ਬਾਬਾ ਰਾਮ ਰਾਇ (ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਗੁਰਬਾਣੀ ਦਾ ਸ਼ਬਦ ਬਦਲਣ ਕਰਕੇ ਬੇਦਖ਼ਲ ਕੀਤਾ ਸੀ) ਵੱਲੋਂ ਬਣਾਇਆ ਗਿਆ ਸੀ। ਬਾਬਾ ਰਾਮ ਰਾਇ ਨੇ ਇਸ ਅਸਥਾਨ ਦੀ ਉਸਾਰੀ ਇਸ ਦਾਅਵੇ ਦੇ ਆਧਾਰ ਤੇ ਕਰਾਈ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਥੇ ਚਰਨ ਪਾਏ ਸਨ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/4lzyAzd



39. **ਸਮਾਧ ਬਾਬਾ ਸ੍ਰੀ ਚੰਦ ਜੀ / ਡੇਰਾ ਟਾਹਲੀ ਸਾਹਿਬ** (31°34'34.3"N 74°20'27.1"E) : ਇਹ ਅਸਥਾਨ, ਜਿਸ ਨੂੰ ਟਾਹਲੀ ਸਾਹਿਬ ਵਜੋਂ ਵੀ ਜਾਣਿਆ ਜਾਂਦਾ ਹੈ, ਸ੍ਰੀ ਗੁਰੂ ਨਾਨਕ ਸਾਹਿਬ ਦੇ ਸਭ ਤੋਂ ਵੱਡੇ ਪੁੱਤਰ ਸ੍ਰੀ ਚੰਦ ਜੀ ਦੀ ਸਮਾਧ ਹੈ। ਉਹ ਇਸ ਅਸਥਾਨ ਤੇ ਸੰਨ 1629 ਵਿੱਚ ਪੂਰੇ ਹੋਏ ਸੀ। ਇਹ ਜਗ੍ਹਾ ਲਾਹੌਰ ਰੇਲਵੇ ਸਟੇਸ਼ਨ ਦੇ ਦੱਖਣ-ਪੂਰਬ ਵਿੱਚ, ਰੇਲ ਦੀਆਂ ਪਟੜੀਆਂ ਦੇ ਦੂਜੇ ਪਾਸੇ ਸਥਿਤ ਹੈ। ਨੇੜੇ ਹੀ ਟਾਹਲੀ ਦਾ ਇੱਕ ਪੁਰਾਣਾ ਰੁੱਖ ਹੁੰਦਾ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/3FV9ZV2





40. **ਸਮਾਧ ਬਾਬਾ ਪਿਰਥੀ ਚੰਦ** (31°24'50.3"N 74°29'19.3"E) : ਬਾਬਾ ਪ੍ਰਿਥੀ ਚੰਦ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਭ ਤੋਂ ਵੱਡੇ ਭਰਾ ਸਨ, ਜਿਨ੍ਹਾਂ ਨੇ ਇੱਕ ਗੁਰਗੱਦੀ ਦੇ ਮੁਕਾਬਲੇ ਇਕ ਫ਼ਿਰਕਾ ਸ਼ੁਰੂ ਕੀਤਾ, ਜਿਨ੍ਹਾਂ ਨੂੰ 'ਮੀਣੇ' ਕਿਹਾ ਜਾਂਦਾ ਸੀ। ਉਨ੍ਹਾਂ ਦੀ ਮੌਤ 1618 ਵਿੱਚ ਹੋਈ ਸੀ। ਉਹਨਾਂ ਦੀ ਸਮਾਧ, ਜੋ ਇੱਕ ਬਾਰਾਦਰੀ ਦੇ ਰੂਪ ਵਿੱਚ ਹੈ, ਹੁਣ ਇੱਕ ਲੋਹੇ ਦੇ ਕਾਰਖਾਨੇ ਦੇ ਸ਼ੈੱਡ ਹੇਠਾਂ ਆ ਚੁੱਕੀ ਹੈ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/43HWVw6

41. **ਸਰੋਵਰ ਬਾਬਾ ਪਿਰਥੀ ਚੰਦ** (31°24'46.9"N 74°29'23.3"E) : ਇਹ ਸਰੋਵਰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸਭ ਤੋਂ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਦੁਆਰਾ ਬਣਾਇਆ ਗਿਆ ਸੀ, ਤਾਂ ਜੋ ਲਾਹੌਰ ਅਤੇ ਅੰਮ੍ਰਿਤਸਰ ਵਿਚਕਾਰ ਯਾਤਰਾ ਕਰਨ ਵਾਲੇ ਸਿੱਖਾਂ ਨੂੰ ਸਿੱਖ ਗੁਰੂ ਸਾਹਿਬਾਨ ਤੋਂ ਦੂਰ ਕਰਕੇ ਆਪਣੇ ਗੁਮਰਾਹਕੁੰਨ ਫ਼ਿਰਕੇ ਵਿੱਚ ਲਿਆਉਣ ਲਈ ਭਰਮਾਇਆ ਜਾ ਸਕੇ। ਇਸ ਤਾਲਾਬ ਦੇ ਅਵਸ਼ੇਸ਼ ਅੱਜ ਵੀ ਦੇਖੇ ਜਾ ਸਕਦੇ ਹਨ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/43HWVw6



42. **ਡੇਰਾ ਭਾਈ ਪਿਰਥੀ, ਪਿੰਡ ਮਾਣਕ** (31°18'08.7"N 74°11'50.6"E) : ਇਸ ਉਦਾਸੀ ਡੇਰੇ ਦਾ ਨਾਮ ਭਾਈ ਪਿਰਥੀ ਦੇ ਨਾਮ 'ਤੇ ਹੈ, ਇਨ੍ਹਾਂ ਨੂੰ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਭਰਾ ਪਿਰਥੀ ਚੰਦ ਨਾ ਸਮਝਿਆ ਜਾਵੇ। ਕੁਝ ਲੋਕ ਇਹ ਵੀ ਦਾਅਵਾ ਕਰਦੇ ਹਨ ਕਿ ਇਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਗੁਰਦੁਆਰਾ ਹੈ, ਪਰ ਅਜਿਹਾ ਵੀ ਨਹੀਂ ਹੈ। 1947 ਤੋਂ ਪਹਿਲਾਂ ਇਸ ਗੁਰਦੁਆਰੇ ਨਾਲ 700 ਏਕੜ ਜ਼ਮੀਨ ਲੱਗੀ ਹੋਈ ਸੀ। ਇਸ ਦੀ ਵੀਡੀਓ ਦੇਖਣ ਲਈ ਇਸ ਲਿੰਕ 'ਤੇ ਜਾਓ: https://bit.ly/42LAWCv



## ਆਖ਼ਰੀ ਟਿੱਪਣੀ

ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਲਹਿੰਦੇ ਪੰਜਾਬ ਦੇ ਲਾਹੌਰ ਜ਼ਿਲ੍ਹੇ ਵਿੱਚ ਸਥਿਤ "ਵਿੱਛੜੇ ਅਤੇ ਵਿਸਰੇ" ਸਿੱਖ ਇਤਿਹਾਸਕ ਅਸਥਾਨਾਂ ਬਾਰੇ ਇਸ ਕਿਤਾਬਚੇ ਤੋਂ ਫ਼ਾਇਦਾ ਹੋਇਆ ਹੋਵੇਗਾ। ਅਸੀਂ ਆਸ ਕਰਦੇ ਹਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਹਨਾਂ ਇਤਿਹਾਸਕ ਅਸਥਾਨਾਂ ਨੂੰ ਕਦੇ ਨਹੀਂ ਭੁੱਲਣਗੀਆਂ।

ਅਸੀਂ ਲਹਿੰਦੇ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਸਥਿਤ ਸਿੱਖ ਇਤਿਹਾਸਕ ਅਸਥਾਨਾਂ ਬਾਰੇ ਹੋਰ ਖੋਜ ਕਾਰਜ ਆਪ ਸਭ ਅੱਗੇ ਲੈਕੇ ਆਉਂਦੇ ਰਹਾਂਗੇ। ਆਪਣੇ ਹੋਰ ਸੁਝਾਅ ਸਾਨੂੰ info@jeevaysanjhapunjab.com ਤੇ ਭੇਜੋ।

---

## ਜੀਵੇ ਸਾਂਝਾ ਪੰਜਾਬ ਨਾਲ ਜੁੜੇ ਰਹੋ!

ਸਾਡੇ ਹੋਰ ਉਪਰਾਲਿਆਂ ਬਾਰੇ ਜਾਣਕਾਰੀ ਲਈ ਸਾਡੇ ਨਾਲ ਹੇਠ ਦਿੱਤੇ ਸਾਧਨਾਂ ਰਾਹੀਂ ਜੁੜੇ ਰਹਿ ਸਕਦੇ ਹੋ:

**ਵੈੱਬਸਾਈਟ:** www.jeevaysanjhapunjab.com

**ਫੇਸਬੁੱਕ:** www.facebook.com/jeevaysanjhapunjab

**ਇੰਸਟਾਗ੍ਰਾਮ:** www.instagram.com/jeevaysanjhapunjab

**ਯੂਟਿਊਬ:** www.youtube.com/@jeevaysanjhapunjab

**ਟਵਿੱਟਰ (X):** www.twitter.com/JSPunjab47

**ਈ-ਮੇਲ:** info@JeevaySanjhaPunjab.com

---

ਜਦੋਂ ਸੰਨ 1947 ਵਿਚ ਦੇਸ ਪੰਜਾਬ ਦੀ ਹਿੱਕ ਤੇ ਖ਼ੂਨੀ ਲਕੀਰ ਵਾਹੀ ਗਈ, ਤੇ ਕੱਲੀ ਧਰਤੀ ਨਹੀਂ ਸੀ ਵੰਡੀ ਗਈ, ਬਲਕਿ ਪੰਜਾਬ ਦਾ ਇਤਿਹਾਸ, ਸੱਭਿਆਚਾਰ, ਬੋਲੀ, ਵਿਰਸਾ, ਲਿਪੀ, ਸਭ ਕੁਝ ਵੰਡਿਆ ਗਿਆ। ਪੰਜਾਬ ਦੀ ਵੰਡ ਕਾਰਨ ਪੰਥ ਤੋਂ ਵਿੱਛੜੇ ਗੁਰਧਾਮਾਂ ਦੀ ਪੀੜ ਇੰਨੀ ਡੂੰਘੀ ਸੀ ਕਿ ਇਹ ਸਾਡੀ ਨਿੱਤ ਦੀ ਅਰਦਾਸ ਦਾ ਹਿੱਸਾ ਬਣ ਗਈ ਅਤੇ ਅਸੀਂ ਹਰ ਰੋਜ਼ ਸਵੇਰੇ ਸ਼ਾਮ ਵੰਡ ਕਰਕੇ ਸਰਹੱਦ ਦੇ ਉਸ ਪਾਰ ਰਹਿ ਗਏ ਗੁਰਦੁਆਰਿਆਂ ਅਤੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਅਕਾਲ ਪੁਰਖ ਤੋਂ ਮੰਗਣ ਲੱਗੇ।

ਜੇਕਰ ਵੰਡ ਨਾ ਹੁੰਦੀ, ਸ਼ਾਇਦ ਅਸੀਂ ਲਾਹੌਰ ਦੀਆਂ ਗਲੀਆਂ ਵਿੱਚ ਸ਼ੇਰ ਏ ਪੰਜਾਬ ਸਰਕਾਰ ਰਣਜੀਤ ਸਿੰਘ ਦੇ ਰਾਜ ਦੀ ਛਾਂ ਹੇਠ ਖੇਡ ਕੇ ਵੱਡੇ ਹੋਣਾ ਸੀ. ਸਾਡੇ ਵਿੱਚ ਕੁਝ ਨੇ ਕਰਤਾਰਪੁਰ ਸਾਹਿਬ ਨੇੜੇ ਉਸ ਥਾਂ ਖੇਤੀ ਕਰਦੇ ਹੋਣਾ ਸੀ, ਜਿੱਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਖੇਤੀ ਕੀਤੀ ਸੀ। ਅਸੀਂ ਅਨੇਕਾਂ ਧਾਰਮਿਕ ਅਸਥਾਨ ਅਤੇ ਆਪਣੇ ਇਤਿਹਾਸ ਦੀਆਂ ਗਵਾਹ ਬਣੀਆਂ ਅਨੇਕਾਂ ਇਮਾਰਤਾਂ ਦਾ ਖ਼ਜ਼ਾਨਾ ਲਹਿੰਦੇ ਪੰਜਾਬ (ਮੌਜੂਦਾ ਪਾਕਿਸਤਾਨ) ਵਿਚ ਛੱਡ ਕੇ ਆ ਗਏ। ਪਰ ਇਸ ਤੋਂ ਵੀ ਵੱਡਾ ਇਕ ਨੁਕਸਾਨ ਹੋਰ ਵੀ ਸੀ, ਅਤੇ ਇਹ ਸੀ ਇਨ੍ਹਾਂ ਅਸਥਾਨਾਂ ਦਾ ਸਾਡੀ ਯਾਦ ਵਿੱਚੋਂ ਵਿਸਰਨਾ।

ਲਾਹੌਰ ਜ਼ਿਲ੍ਹੇ ਦੇ ਸਿੱਖ ਇਤਿਹਾਸਕ ਅਸਥਾਨਾਂ ਬਾਰੇ ਇਹ ਕਿਤਾਬਚਾ ਇੱਕ ਕੋਸ਼ਿਸ਼ ਹੈ ਕਿ ਇਨ੍ਹਾਂ ਵਿਛੜੇ ਅਤੇ ਵਿਸਰਦੇ ਗੁਰਧਾਮਾਂ ਦੀ ਯਾਦ ਨੂੰ ਸਾਂਭੀਏ ਜਾਵੇ, ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਜਾਣ ਸਕਣ ਕਿ ਅਸੀਂ ਕੀ ਗਵਾਇਆਂ ਹੈ। ਇਹ ਸਿਰਫ਼ ਸ਼ੁਰੂਆਤ ਹੈ। ਆਉਣ ਵਾਲੇ ਸਮੇਂ ਵਿੱਚ ਜੀਵੇ ਸਾਂਝਾ ਪੰਜਾਬ ਵੱਲੋਂ ਇਹ ਕਾਰਜ ਪੂਰੇ ਲਹਿੰਦੇ ਪੰਜਾਬ ਵਿੱਚ ਕੀਤਾ ਜਾਵੇਗਾ ਅਤੇ ਹਰ ਇਕ ਸਿੱਖ ਇਤਿਹਾਸਕ ਅਸਥਾਨ ਦੀ ਨਿਸ਼ਾਨਦੇਹੀ ਅਤੇ ਦਸਤਾਵੇਜ਼ੀਕਰਨ ਹੋਵੇਗਾ।

ਆਪ ਸਭ ਦੇ ਸਹਿਯੋਗ ਅਤੇ ਸੁਝਾਵਾਂ ਦੀ ਹਮੇਸ਼ਾ ਉਡੀਕ ਰਹੇਗੀ।

**ਪਰਗਟ ਸਿੰਘ,**
ਡਾਇਰੈਕਟਰ,
ਜੀਵੇ ਸਾਂਝਾ ਪੰਜਾਬ।

